Fair Advice Financial | Carte WEALTH MANAGEMENT INC.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 20*Issue 85 Thursday, April 29, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਐਸਟ੍ਰਾਜ਼ੈਨੇਕਾ ਕੋਵਿਡ-19 ਵੈਕਸੀਨ ਨੂੰ ਟਰੂਡੋ ਨੇ ਦੱਸਿਆ ਸੇਫ

ਹੈਲੀਫੈਕਸ, 28 ਅਪਰੈਲ (ਪੋਸਟ ਬਿਊਰੋ) : ਦੇਸ਼ ਵਿੱਚ ਐਸਟ੍ਰਾਜ਼ੈਨੇਕਾ ਵੈਕਸੀਨ ਦਾ ਟੀਕਾ ਲਵਾਏ ਜਾਣ ਤੋਂ ਬਾਅਦ ਕਥਿਤ ਤੌਰ ਉੱਤੇ ਕਲੌਟ ਬਣਨ ਕਾਰਨ ਮਹਿਲਾ ਦੀ ਹੋਈ ਮੌਤ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੈਨੇਡੀਅਨਾਂ ਨੂੰ ਭਰੋਸਾ ਦਿਵਾਇਆ ਜਾ ਰਿਹਾ ਹੈ ਕਿ ਐਸਟ੍ਰਾਜ਼ੈਨੇਕਾ ਵੈਕਸੀਨ ਬਿਲਕੁਲ ਸੇਫ ਹੈ। ਬੁੱਧਵਾਰ ਨੂੰ ਹੈਲੀਫੈਕਸ ਵਿੱਚ ਮੀਡੀਆ ਨਾਲ



ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਉਨ੍ਹਾਂ ਨੂੰ ਅਜੇ ਵੀ ਵੈਕਸੀਨ ਵਿੱਚ ਪੂਰਾ ਭਰੋਸਾ ਹੈ। ਮੰਗਲਵਾਰ ਨੂੰ ਕਿਊਬਿਕ ਵਿੱਚ ਸਿਹਤ ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਮਾਂਟਰੀਅਲ ਦੀ 34 ਸਾਲਾ ਮਹਿਲਾ ਦੀ ਮੌਤ ਬਲੱਡ ਕਲੌਟ ਕਾਰਨ ਹੋਈ ਸੀ। ਇਹ ਬਲੱਡ ਕਲੌਟ ਐਸਟ੍ਰਾਜ਼ੈਨੇਕਾ ਵੈਕਸੀਨ ਲੈਣ ਤੋਂ ਬਾਅਦ ਬਣਿਆ ਸੀ। ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਵੱਲੋਂ ਇਸ ਮੌਤ ਦੀ ਜਾਂਚ ਕੀਤੀ ਜਾ ਰਹੀ ਹੈ।

ਟਰੂਡੋ ਨੇ ਆਖਿਆ ਕਿ ਕੈਨੇਡਾ ਵਿੱਚ ਵਰਤੀ ਜਾਣ ਵਾਲੀ ਵੈਕਸੀਨ ਦੀ ਹਰੇਕ ਡੋਜ਼ ਹੈਲਥ ਕੈਨੇਡਾ ਵੱਲੋਂ ਸੇਫ ਕਰਾਰ ਦਿੱਤੀ ਜਾਂਦੀ ਹੈ। ਉਨ੍ਹਾਂ ਆਖਿਆ ਕਿ ਐਸਟ੍ਰਾਜ਼ੈਨੇਕਾ ਸਮੇਤ ਇੱਥੇ ਵਰਤੀਆਂ ਜਾਣ ਵਾਲੀਆਂ ਸਾਰੀਆਂ ਵੈਕਸੀਨਜ਼ ਵਿੱਚ ਉਨ੍ਹਾਂ ਨੂੰ ਪੂਰਾ ਭਰੋਸਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਪਿਛਲੇ ਹਫਤੇ ਉਨ੍ਹਾਂ ਨੇ ਆਪ ਐਸਟ੍ਰਾਜ਼ੈਨੇਕਾ ਦਾ ਟੀਕਾ ਲਵਾਇਆ ਸੀ ਤੇ ਉਨ੍ਹਾਂ ਨੂੰ ਇਸ ਵਿੱਚ ਕੋਈ ਹਿਚਕਿਚਾਹਟ ਵੀ ਨਹੀਂ ਹੋਈ।

ਉਨ੍ਹਾਂ ਅੱਗੇ ਆਖਿਆ ਕਿ ਕਿਸੇ ਇੱਕਲੇ ਕਾਰੇ ਮਾਮਲੇ ਵਿੱਚ ਬਲੱਡ ਕਲੌਟ ਬਣਨ ਦਾ ਖਤਰਾ ਕੋਵਿਡ-19 ਨਾਲ ਜੁੜੇ ਖਤਰੇ ਤੋਂ ਕਿਤੇ ਘੱਟ ਹੈ। ਇਸ ਦੌਰਾਨ ਕੈਨੇਡੀਅਨ ਮੈਡੀਕਲ ਐਸੋਸਿਏਸ਼ਨ ਤੇ ਹੋਰਨਾਂ ਗਰੁੱਪਜ਼ ਵੱਲੋਂ ਕੋਵਿਡ-19 ਵੈਕਸੀਨ ਨੂੰ ਦੇਸ਼ ਦੇ ਹੌਟ ਸਪੌਟ ਵਾਲੇ ਇਲਾਕਿਆਂ ਵਿੱਚ ਭੇਜਣ ਦੀ ਮੰਗ ਵੀ ਕੀਤੀ ਗਈ। ਪਰ ਟਰੂਡੋ ਤੋਂ ਇਹ ਪੁੱਛੇ ਜਾਣ ਉੱਤੇ ਕਿ ਕੀ ਉਹ ਪ੍ਰੋਵਿੰਸਾਂ ਤੋਂ ਲੈ ਕੇ ਹੌਟ ਸਪੌਟ ਵਾਲੇ ਇਲਾਕਿਆਂ ਵਿੱਚ ਵੈਕਸੀਨ ਭੇਜਣਗੇ ਤਾਂ ਪ੍ਰਧਾਨ ਮੰਤਰੀ ਨੇ ਆਖਿਆ ਕਿ ਉਹ ਅਜਿਹੀ ਪਹੁੰਚ ਦੇ ਹੱਕ ਵਿੱਚ ਨਹੀਂ ਹਨ ਸਗੋਂ ਉਹ ਪ੍ਰਤੀ ਵਿਅਕਤੀ ਵੈਕਸੀਨ ਦੀ ਵੰਡ ਦੇ ਹੱਕ ਵਿੱਚ ਹਨ।

# ਵੈਕਸੀਨ ਪਾਸਪੋਰਟਸ ਦੀ ਸੰਭਾਵਨਾ ਬਰਕਰਾਰ, ਪਰ ਸ਼ਰਤਾਂ ਤੈਅ ਕਰਨ ਲਈ ਅਜੇ ਤਿਆਰ ਨਹੀਂ ਕੈਨੇਡਾ : ਟਰੂਡੋ

ਓਟਵਾ, 28 ਅਪਰੈਲ (ਪੋਸਟ ਬਿਊਰੋ) : ਪੂਰੀ ਤਰ੍ਹਾਂ ਵੈਕਸੀਨੇਟ ਹੋ ਚੁੱਕੇ ਕੈਨੇਡੀਅਨ ਕੁਆਰਨਟੀਨ ਤੋਂ ਬਿਨਾਂ ਕਦੋਂ ਤੋਂ ਸੇਫ ਢੰਗ ਨਾਲ ਕੌਮਾਂਤਰੀ ਟਰੈਵਲ ਸ਼ੁਰੂ ਕਰ ਸਕਣਗੇ ਤੇ ਕੀ ਵੈਕਸੀਨੇਸ਼ਨ ਮੁਕੰਮਲ ਕਰਵਾ ਚੁੱਕੇ ਵਿਦੇਸ਼ੀ ਨਾਗਰਿਕਾਂ ਲਈ ਹੀ ਕੈਨੇਡਾ ਆਪਣੇ ਬਾਰਡਰ ਖੋਲ੍ਹੇਗਾ, ਇਹ ਸਵਾਲ ਅਜਿਹਾ ਹੈ ਜਿਸ ਬਾਰੇ ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਉਸ ਕੋਲ ਇਸ ਦਾ ਕੋਈ ਜਵਾਬ ਨਹੀਂ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਨੁਸਾਰ ਫੈਡਰਲ ਸਰਕਾਰ ਅਜੇ ਵੀ ਵੈਕਸੀਨ ਪਾਸਪੋਰਟਜ਼ ਦੀ ਸੰਭਾਵਨਾ ਉੱਤੇ ਬੜੀ ਸਾਵਧਾਨੀ ਨਾਲ ਵਿਚਾਰ ਕਰ ਰਹੀ ਹੈ ਜਿਸ ਤਹਿਤ ਟਰੈਵਲ ਕਰਨ ਲਈ ਵੈਕਸੀਨੇਸ਼ਨ ਦਾ ਕਿਸੇ ਕਿਸਮ ਦਾ ਸਬੂਤ ਪੇਸ਼ ਕਰਨ ਦੀ ਲੋੜ ਪੈਂਦੀ ਹੈ। ਪਰ ਇਸ ਸਮੇਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਸਾਰਾ ਧਿਆਨ ਕੈਨੇਡਾ ਨੂੰ ਤੀਜੀ ਵੇਵ ਤੋਂ



ਉੱਭਰਦਿਆਂ ਵੇਖਣ ਉੱਤੇ ਲੱਗਿਆ ਹੋਇਆ ਹੈ।

ਮੰਗਲਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਟਰੂਡੋ ਨੇ ਆਖਿਆ ਕਿ ਜਿਵੇਂ ਮਹਾਂਮਾਰੀ ਤੋਂ ਪਹਿਲਾਂ ਕੁੱਝ ਰੀਜਨਜ਼ ਲਈ ਵੈਕਸੀਨੇਸ਼ਨ ਦੇ ਸਰਟੀਫਿਕੇਟ ਕੌਮਾਂਤਰੀ ਟਰੈਵਲ ਲਈ ਜ਼ਰੂਰੀ ਸਨ ਉਸੇ ਤਰ੍ਹਾਂ ਇਸ ਮਹਾਂਮਾਰੀ ਤੇ ਕਰੋਨਾਵਾਇਰਸ ਦੇ ਮਾਮਲੇ ਵਿੱਚ ਵੀ ਇਨ੍ਹਾਂ ਦੀ ਲੋੜ ਪਵੇਗੀ। ਉਨ੍ਹਾਂ ਆਖਿਆ ਕਿ ਇਸ ਸਮੇਂ ਅਸੀਂ ਦੁਨੀਆ ਭਰ ਵਿਚਲੇ ਆਪਣੇ ਭਾਈਵਾਲਾ ਤੇ ਸਹਿਯੋਗੀਆਂ ਨਾਲ ਤਾਲਮੇਲ ਕਰਕੇ ਇਸ ਮੁੱਦੇ ਉੱਤੇ ਹੀ ਕੰਮ ਕਰ ਰਹੇ ਹਾਂ।

ਇਹ ਸਵਾਲ ਉਸ ਸਮੇਂ ਪੈਦਾ ਹੋਇਆ ਜਦੋਂ ਯੂਰਪੀਅਨ ਯੂਨੀਅਨ ਨੇ ਇਹ ਸੰਕੇਤ ਦਿੱਤਾ ਕਿ ਇਨ੍ਹਾਂ ਗਰਮੀਆਂ ਵਿੱਚ ਪੂਰੀ ਤਰ੍ਹਾਂ ਵੈਕਸੀਨੇਸ਼ਨ ਹਾਸਲ ਕਰ ਚੁੱਕੇ ਅਮਰੀਕੀ ਨਾਗਰਿਕਾਂ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਵਿੱਚ ਟਰੈਵਲ ਕਰ ਸਕਣਗੇ। ਇਸ ਦੇ ਨਾਲ ਹੀ ਯੂਐਸ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰਿਵੈਨਸ਼ਨ ਵੱਲੋਂ ਵੀ ਕੁੱਝ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ ਜਿਨ੍ਹਾਂ ਵਿੱਚ ਪੂਰੀ ਤਰ੍ਹਾ ਵੈਕਸੀਨੇਸ਼ਨ ਕਰਵਾ ਚੁੱਕੇ ਅਮੈਰੀਕਨਜ਼ ਦੇ ਕੌਮਾਂਤਰੀ ਟਰੈਵਲ ਬਾਰੇ ਵੀ ਨਿਰਦੇਸ਼ ਹਨ।

ਟਰੂਡੋ ਨੇ ਸਪਸ਼ਟ ਕੀਤਾ ਕਿ ਇਸ ਸਮੇਂ ਕੈਨੇਡਾ ਅਜਿਹੀ ਸਥਿਤੀ ਵਿੱਚ ਨਹੀਂ ਹੈ ਕਿ ਇਹ ਤੈਅ ਕਰੇ ਕਿ ਕਿਹੜੇ ਮਾਪਦੰਡ ਸੁਖਾਲੇ ਕੀਤੇ ਜਾਣਗੇ ਜਾਂ ਕਿਹੜੀਆਂ ਟਰੈਵਲ ਗਾਈਡਲਾਈਨਜ਼ ਜਾਰੀ ਕੀਤੀਆਂ ਜਾਣਗੀਆਂ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੇ ਦਿਸ਼ਾ ਨਿਰਦੇਸ਼ਾਂ ਲਈ ਸਹੀ ਸਮਾਂ ਕਦੋਂ ਆਵੇਗਾ ਇਸ ਬਾਰੇ ਵੀ ਅਸੀਂ ਕੁੱਝ ਨਹੀਂ ਆਖ ਸਕਦੇ। ਫੈਡਰਲ ਸਰਕਾਰ ਅਜੇ ਵੀ ਇਹੋ ਆਖ ਰਹੀ ਹੈ ਕਿ ਉਹ ਚੁਫੇਰਿਓਂ ਹਾਸਲ ਹੋ ਰਹੇ ਡਾਟਾ ਦਾ ਮੁਲਾਂਕਣ ਕਰ ਰਹੀ ਹੈ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

# ਫੋਰਡ ਸਰਕਾਰ ਨੇ ਅਮਰੀਕਾ ਤੋਂ ਵਾਧੂ ਹੈਲਥ ਕੇਅਰ ਵਰਕਰਜ਼ ਮੁਹੱਈਆ ਕਰਵਾਉਣ ਦੀ ਕੀਤੀ ਮੰਗ

ਟੋਰਾਂਟੋ, 28 ਅਪਰੈਲ (ਪੋਸਟ ਬਿਊਰੋ) : ਕੋਵਿਡ 19 ਦੀ ਤੀਜੀ ਵੇਵ ਕਾਰਨ ਹਸਪਤਾਲਾਂ ਦੇ ਹੋਏ ਬੁਰੇ ਹਾਲ ਤੋਂ ਬਾਅਦ ਮਦਦ ਲਈ ਓਨਟਾਰੀਓ ਸਰਕਾਰ ਵੱਲੋਂ ਅਮਰੀਕਾ ਤੋਂ ਵਾਧੂ ਹੈਲਥ ਕੇਅਰ ਵਰਕਰਜ਼ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਜਾ ਰਹੀ ਹੈ।

ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਮੰਗਲਵਾਰ ਨੂੰ ਕੁਈਨਜ਼ ਪਾਰਕ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਦੱਸਿਆ ਕਿ ਓਨਟਾਰੀਓ ਵੱਲੋਂ ਅਮਰੀਕਾ ਤੇ ਫਿਲੀਪੀਨਜ਼ ਤੋਂ ਮਦਦ ਮੰਗੀ ਗਈ ਹੈ। ਪਰ ਹੋਰਨਾਂ ਦੇਸ਼ਾਂ ਤੋਂ ਵੀ ਓਨਟਾਰੀਓ ਨੂੰ ਮਦਦ ਦੀ ਪੂਰੀ ਆਸ



ਹੈ। ਐਲੀਅਟ ਨੇ ਆਖਿਆ ਕਿ ਅਸੀਂ ਕੌਮਾਂਤਰੀ ਪੱਧਰ ਉੱਤੇ ਅਜਿਹੀਆਂ ਟੀਮਾਂ ਦੀ ਭਾਲ ਕਰ ਰਹੇ ਹਾਂ ਜਿਹੜੀਆਂ ਹੋਰਨਾਂ ਦੇਸ਼ਾਂ ਤੋਂ ਇੱਥੇ ਆ ਕੇ ਸਾਡੀ ਮਦਦ ਕਰ ਸਕਣ। ਐਲੀਅਟ ਨੇ ਆਖਿਆ ਕਿ ਓਨਟਾਰੀਓ ਨੂੰ ਅਜੇ ਅਮਰੀਕਾ ਵੱਲੋਂ ਇਸ ਸਬੰਧ ਵਿੱਚ ਕੋਈ ਜਵਾਬ ਨਹੀਂ ਮਿਲਿਆ ਹੈ ਕਿ ਸਾਨੂੰ ਮਦਦ ਮਿਲੇਗੀ ਜਾਂ ਨਹੀਂ।

...ਬਾਕੀ ਪੰਨਾ 3 'ਤੇ

# ਜੌਹਨਸਨ ਐਂਡ ਜੌਹਨਸਨ ਦੀ ਕੋਵਿਡ-19 ਵੈਕਸੀਨ ਦੀਆਂ 300,000 ਡੋਜ਼ਾਂ ਅੱਜ ਪਹੁੰਚਣਗੀਆਂ ਕੈਨੇਡਾ

ਓਟਵਾ, 28 ਅਪਰੈਲ (ਪੋਸਟ ਬਿਊਰੋ) : ਜੌਹਨਸਨ ਐਂਡ ਜੌਹਨਸਨ ਦੀ ਕੋਵਿਡ-19 ਵੈਕਸੀਨ ਦੀਆਂ 300,000 ਡੋਜ਼ਾਂ ਅੱਜ ਕੈਨੇਡਾ ਪਹੁੰਚ ਜਾਣਗੀਆਂ। ਇਹ ਜਾਣਕਾਰੀ ਫੈਡਰਲ ਅਧਿਕਾਰੀ ਵੱਲੋਂ ਦਿੱਤੀ ਗਈ।

ਅਜੇ ਇਸ ਖਬਰ ਨੂੰ ਜਨਤਕ ਨਹੀਂ ਕੀਤਾ ਗਿਆ ਹੈ ਤੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਇੱਕ ਅਧਿਕਾਰੀ ਨੇ ਦੱਸਿਆ ਕਿ ਜਿੱਥੋਂ ਇਹ ਡੋਜ਼ਾਂ ਆ ਰਹੀਆਂ ਹਨ ਉਸ ਥਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ ਕਿਉਂਕਿ ਸਰਕਾਰ ਇਸ ਨਵੀਂ ਵੈਕਸੀਨ ਸਪਲਾਈ ਚੇਨ ਦੀ ਹਿਫਾਜ਼ਤ ਕਰਨਾ ਚਾਹੁੰਦੀ ਹੈ ਤੇ ਕਿਸੇ ਨੂੰ ਇਸ ਬਾਰੇ ਦੱਸਣਾ ਨਹੀਂ ਚਾਹੁੰਦੀ। ਜੇ ਐਂਡ ਜੇ ਨੂੰ



ਉਤਪਾਦਨ ਵਿੱਚ ਦਿੱਕਤਾਂ ਹੋ ਰਹੀਆਂ ਹਨ ਤੇ ਇਸ ਕਾਰਨ ਹੀ ਇਹ ਬਹੁਤ ਘੱਟ ਡੋਜ਼ਾਂ ਡਲਿਵਰ ਕਰ ਪਾ ਰਹੀ ਹੈ, ਇੱਥੋਂ ਤੱਕ ਕਿ ਅਮਰੀਕਾ ਵਿੱਚ ਵੀ ਕੰਪਨੀ ਦੀ ਸਪਲਾਈ ਬਹੁਤ ਸੀਮਤ ਹੈ।

ਕੈਨੇਡਾ ਨੇ ਇਸ ਵੈਕਸੀਨ ਦੀਆਂ 10 ਮਿਲੀਅਨ ਡੋਜ਼ਾਂ ਖਰੀਦੀਆਂ ਹਨ ਤੇ ਅਜੇ ਦੇਸ਼ 28 ਮਿਲੀਅਨ ਡੋਜ਼ਾਂ ਹੋਰ ਖਰੀਦ ਸਕਦਾ ਹੈ। ਇਹ ਡੋਜ਼ਾਂ ਅਗਲੇ ਹਫਤੇ ਪ੍ਰੋਵਿੰਸ ਭਰ ਵਿੱਚ ਵੰਡੇ ਜਾਣ ਦੀ ਸੰਭਾਵਨਾ ਹੈ। ਇਮਿਊਨਾਈਜ਼ੇਸ਼ਨ ਉੱਤੇ ਨੈਸ਼ਨਲ ਐਡਵਾਈਜ਼ਰੀ ਕਮੇਟੀ ਵੱਲੋਂ ਇਸ ਸਬੰਧ ਵਿੱਚ ਨਿਰਦੇਸ਼ ਨਹੀਂ ਦਿੱਤੇ ਗਏ ਹਨ ਕਿ ਪਹਿਲਾਂ ਹੀ ਵਰਤੋਂ ਵਿੱਚ ਲਿਆਂਦੀਆਂ ਜਾ ਰਹੀਆਂ ਤਿੰਨ ਵੈਕਸੀਨਜ਼ ਦੇ ਨਾਲ ਨਾਲ ਇਸ ਵੈਕਸੀਨ ਦੀ ਵਰਤੋਂ ਕਿਵੇਂ ਕੀਤੀ ਜਾਣੀ ਚਾਹੀਦੀ ਹੈ।

ਇਸ ਹਫਤੇ ਦੀ ਫਾਈਜ਼ਰ ਬਾਇਓਐਨਟੈਕ ਦੀ ਇੱਕ ਮਿਲੀਅਨ ਡੋਜ਼ ਪਹਿਲਾਂ ਹੀ ਕੈਨੇਡਾ ਪਹੁੰਚ ਚੁੱਕੀ ਹੈ। ਡਿਲੇਅ ਹੋ ਚੁੱਕੀ ਮੌਡਰਨਾ ਦੀ 650,000 ਡੋਜ਼ਾਂ ਦੀ ਖੇਪ ਵੀ ਕੈਨੇਡਾ ਪਹੁੰਚਣ ਵਾਲੀ ਹੈ।

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

# ਵੈਂਸ ਖਿਲਾਫ ਲੱਗੇ ਦੋਸ਼ਾਂ ਦੀ ਜਾਂਚ ਡੂੰਘਾਈ ਨਾਲ ਕਰਵਾਉਣ ਦੇ ਹੱਕ ਵਿੱਚ ਹੈ ਐਨਡੀਪੀ

ਓਟਵਾ, 28 ਅਪਰੈਲ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਨੇ ਬੁੱਧਵਾਰ ਨੂੰ ਆਖਿਆ ਕਿ ਜਨਰਲ ਜੌਨਾਥਨ ਵੈਂਸ ਖਿਲਾਫ ਜਿਨਸੀ ਸ਼ੋਸ਼ਣ ਦੇ ਲੱਗੇ ਦੋਸ਼ਾਂ ਦੀ ਜਾਂਚ ਡੂੰਘਾਈ ਨਾਲ ਕੀਤੀ ਜਾਣੀ ਬਣਦੀ ਹੈ। ਇਸ ਜਾਂਚ ਲਈ ਹਰ ਜ਼ਰੂਰੀ ਕਦਮ ਚੁੱਕੇ ਜਾਣੇ ਚਾਹੀਦੇ ਹਨ। ਦੂਜੇ ਪਾਸੇ ਕੰਜ਼ਰਵੇਟਿਵਾਂ ਦਾ ਕਹਿਣਾ ਹੈ ਕਿ ਪ੍ਰਾਈਮ ਮਨਿਸਟਰ ਦੇ ਚੀਫ ਆਫ ਸਟਾਫ ਕੇਟੀ ਟੈਲਫੋਰਡ ਦੀ ਗਵਾਹੀ ਵੀ ਜ਼ਰੂਰ ਹੋਣੀ ਚਾਹੀਦੀ ਹੈ ਕਿਉਂਕਿ ਦੋਸ਼ਾਂ ਅਨੁਸਾਰ ਈਮੇਲਜ਼ ਬਾਰੇ ਟੈਲਫੋਰਡ ਸੱਭ ਜਾਣਦੀ ਸੀ। ਜਗਮੀਤ



ਸਿੰਘ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਸਬੰਧ ਵਿੱਚ ਕੋਈ ਮਤਾ ਨਹੀਂ ਮਿਲਿਆ ਹੈ ਤੇ ਉਹ ਇਸ ਦਾ ਮੁਲਾਂਕਣ ਕਰਨਗੇ। ਪਰ ਇਨ੍ਹਾਂ ਹਾਲਾਤ ਉੱਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੀ ਫੈਸਲਾ ਲੈਂਦੇ ਹਨ ਉਸ ਨੂੰ ਲੈ ਕੇ ਜਗਮੀਤ ਸਿੰਘ ਜ਼ਿਆਦਾ ਚਿੰਤਤ ਹਨ।

REXDALE BODY SHOP
USED CAR SALE
Specialization In:
★All Kinds of Body Work
★Auto Glass Windshield
★Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd.
1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance Walkie pallet Electric Motor Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਐਕਾਊਂਟੈਂਟਸ, ਸਿਆਸਤਦਾਨਾਂ ਨੇ ਸੀ ਆਰ ਏ ਤੋਂ ਇਨਕਮ ਟੈਕਸ ਡੈੱਡਲਾਈਨ ਵਧਾਉਣ ਦੀ ਕੀਤੀ ਮੰਗ

ਟੋਰਾਂਟੋ, 28 ਅਪਰੈਲ (ਪੋਸਟ ਬਿਊਰੋ) : ਇਨਕਮ ਟੈਕਸ ਭਰਵਾਉਣ ਦੀ ਆਖਰੀ ਤਰੀਕ ਨੇੜੇ ਆ ਚੁੱਕੀ ਹੈ ਤੇ ਅਜਿਹੇ ਵਿੱਚ ਟੈਕਸਦਾਤਾਵਾਂ, ਐਕਾਊਂਟੈਂਟਸ ਤੇ ਸਿਆਸਤਦਾਨਾਂ ਵੱਲੋਂ ਫੈਡਰਲ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਇਸ ਦੀ ਮਿਆਦ ਵਧਾ ਦਿੱਤੀ ਜਾਵੇ। ਮਹਾਂਮਾਰੀ ਕਾਰਨ ਨਵੇਂ ਸ਼ੱਟਡਾਊਨਜ਼ ਕਰਕੇ ਇਹ ਮੰਗ ਕੀਤੀ ਜਾ ਰਹੀ ਹੈ।

ਇਸ ਮਹੀਨੇ ਦੇ ਸ਼ੁਰੂ ਵਿੱਚ ਕੰਜ਼ਰਵੇਟਿਵਾਂ ਨੇ ਲਿਬਰਲਾਂ ਉੱਤੇ ਦਬਾਅ ਪਾਇਆ ਕਿ ਕੇਨੇਡੀਅਨਾਂ ਨੂੰ ਆਪਣੇ ਟੈਕਸ ਫਾਈਲ ਕਰਨ ਲਈ ਜੂਨ ਦੇ ਅੰਤ ਤੱਕ ਦਾ ਸਮਾਂ ਦਿੱਤਾ ਜਾਵੇ ਜਦਕਿ ਕਿਊਬਿਕ ਨੇ ਇਹ ਐਲਾਨ ਕੀਤਾ ਕਿ ਉਹ ਪ੍ਰੋਵਿੰਸ਼ੀਅਲ ਟੈਕਸ ਡੈੱਡਲਾਈਨ ਮਈ ਦੇ ਅੰਤ ਤੱਕ ਵਧਾਵੇਗਾ। 2020 ਵਿੱਚ ਕੈਨੇਡਾ ਰੈਵਨਿਊ ਏਜੰਸੀ ਨੇ 2019 ਦੇ ਇਨਕਮ ਟੈਕਸ ਦੀ ਡੈੱਡਲਾਈਨ ਪਹਿਲੀ ਜੂਨ ਤੱਕ ਵਧਾ ਦਿੱਤੀ ਸੀ।




ਚਾਰਟਰਡ ਪ੍ਰੋਫੈਸ਼ਨਲ ਐਕਾਊਂਟੈਂਟ ਟਿੱਫਨੀ ਸਟੀਵਾਰਟ ਨੇ ਆਖਿਆ ਕਿ ਅਸੀਂ ਖੁਦ ਨੂੰ ਬਚਾਉਣ ਲਈ ਹੀ ਬੁਰੀ ਤਰ੍ਹਾਂ ਜੂਝ ਰਹੇ ਹਾਂ ਤੇ ਸਾਨੂੰ ਥੋੜ੍ਹੀ ਰਾਹਤ ਤਾਂ ਮਿਲਣੀ ਹੀ ਚਾਹੀਦੀ ਹੈ ਪਰ ਸਾਡੇ ਉੱਤੇ ਜੁਰਮਾਨਿਆਂ ਦੀ ਤਲਵਾਰ ਲਟਕ ਰਹੀ ਹੈ। ਕਿਊਬਿਕ ਨੇ ਵੀ ਰਾਹਤ ਦਿੱਤੀ ਹੈ। ਟਿੱਫਨੀ ਨੇ ਆਖਿਆ ਕਿ ਕੁੱਝ ਕੈਨੇਡੀਅਨਾਂ ਨੂੰ ਇਹੋ ਨਹੀਂ ਪਤਾ ਕਿ ਉਨ੍ਹਾਂ ਨੂੰ ਕੈਨੇਡਾ ਐਮਰਜੰਸੀ ਰਿਸਪਾਂਸ ਬੈਨੇਫਿਟ (ਸੀ ਈ ਆਰ ਬੀ) ਉੱਤੇ ਟੈਕਸ ਭਰਨੇ ਹੋਣਗੇ ਤੇ ਕੁੱਝ ਇਹ ਟੈਕਸ ਭਰਨ ਦੀ ਗੁੰਜਾਇਸ਼ ਹੀ ਨਹੀਂ ਰੱਖਦੇ। ਐਨੀ ਮਹਾਂਮਾਰੀ ਦੌਰਾਨ ਸਿਰਫ ਲੇਟ ਇਨਕਮ ਟੈਕਸ ਭਰਨ ਉੱਤੇ ਜੁਰਮਾਨਾ ਲਾਉਣਾ ਜਾਇਜ਼ ਨਹੀਂ।

ਉਸ ਨੇ ਆਖਿਆ ਕਿ ਕਈ ਲੋਕ ਇਸ ਸਮੇਂ ਵਿੱਚ ਸਿਰਫ ਵਿੱਤੀ ਤੌਰ ਉੱਤੇ ਹੀ ਨਹੀਂ ਸਗੋਂ ਭਾਵਨਾਤਮਕ ਤੌਰ ਉੱਤੇ ਵੀ ਸੰਘਰਸ਼ ਕਰ ਰਹੇ ਹਨ। ਜਿਹੜੇ ਟੈਕਸਦਾਤਾਵਾਂ ਵੱਲੋਂ 30 ਅਪਰੈਲ ਤੱਕ ਇਨਕਮ ਟੈਕਸ ਨਹੀਂ ਭਰਵਾਇਆ ਜਾਵੇਗਾ ਉਨਾਂ ਨੂੰ ਜੁਰਮਾਨੇ ਵਜੋਂ 5 ਫੀ ਸਦੀ ਜੁਰਮਾਨਾ ਅਦਾ ਕਰਨਾ ਹੋਵੇਗਾ ਤੇ ਹਰ ਮਹੀਨੇ ਲੇਟ ਹੋਣ ਦੀ ਸੂਰਤ ਵਿੱਚ ਇੱਕ ਫੀ ਸਦੀ ਪ੍ਰਤੀ ਮਹੀਨੇ ਇਹ ਜੁਰਮਾਨਾ ਅਦਾ ਕਰਦੇ ਰਹਿਣਾ ਹੋਵੇਗਾ, ਜਦੋਂ ਤੱਕ ਇਨਕਮ ਟੈਕਸ ਭਰ ਨਹੀਂ ਦਿੱਤਾ ਜਾਂਦਾ।

ਇਸ ਟੈਕਸ ਸੀਜ਼ਨ ਵਿੱਚ ਇੱਕ ਵੱਡੀ ਚੁਣੌਤੀ ਹੋਰ ਵੀ ਹੈ ਉਹ ਇਹ ਕਿ ਇੱਕ ਮਿਲੀਅਨ ਕੈਨੇਡੀਅਨਜ਼ ਸਾਇਬਰ ਸਕਿਊਰਿਟੀ ਬ੍ਰੀਚਿਜ਼ ਕਾਰਨ ਆਪਣੇ ਸੀ ਆਰ ਏ ਦੇ ਐਕਾਊਂਟਸ ਦੀ ਵਰਤੋਂ ਨਹੀਂ ਕਰ ਸਕੇ। ਉਨ੍ਹਾਂ ਆਖਿਆ ਕਿ ਕਈ ਕੈਨੇਡੀਅਨਾਂ ਕੋਲ ਇੰਟਰਨੈੱਟ ਕੁਨੈਕਸ਼ਨ ਹੀ ਨਹੀਂ ਹੈ ਤੇ ਕਈਆਂ ਕੋਲ ਕੰਪਿਊਟਰ ਨਹੀਂ ਹੈ।

ਇਸ ਦੌਰਾਨ ਐਨਡੀਪੀ ਦੇ ਫਾਇਨਾਂਸ ਕ੍ਰਿਟਿਕ ਪੀਟਰ ਜੁਲੀਅਨ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਸਾਡੇ ਇਨਕਮ ਟੈਕਸ ਫਾਰਮ ਬਹੁਤ ਗੁੰਝਲਦਾਰ ਹਨ ਤੇ ਸਾਡੇ ਕੋਲ ਅਜਿਹੇ ਸਰੋਤ ਨਹੀਂ ਹਨ ਜਿਨ੍ਹਾਂ ਰਾਹੀਂ ਲੋਕਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਜਾ ਸਕਣ। ਏਜੰਸੀਆਂ ਤੇ ਨੌਨ ਪ੍ਰੌਫਿਟ ਆਰਗੇਨਾਈਜ਼ੇਸ਼ਨਜ਼ ਵੀ ਸੀ ਆਰ ਏ ਵਿੱਚ ਕਿਸੇ ਨਾ ਕਿਸੇ ਤੱਕ ਪਹੁੰਚ ਕਰਨ ਲਈ ਸੰਘਰਸ਼ ਕਰ ਰਹੇ ਹਨ। ਇਸ ਸਮੇਂ ਬਹੁਤੇ ਕੈਨੇਡੀਅਨ ਮਹਾਂਮਾਰੀ ਦੀ ਤੀਜੀ ਵੇਵ ਨਾਲ ਜੂਝ ਰਹੇ ਹਨ ਤੇ ਇਸ ਲਈ ਜਦੋਂ ਗੱਲ ਸੀ ਆਰ ਏ ਤੇ ਡੈੱਡਲਾਈਨਜ਼ ਦੀ ਆਉਂਦੀ ਹੈ ਤਾਂ ਥੋੜ੍ਹੀ ਰਿਆਇਤ ਦਿੱਤੀ ਜਾਣੀ ਬਣਦੀ ਹੈ।

# ਫੋਰਡ ਸਰਕਾਰ ਨੇ ਹਸਪਤਾਲਾਂ ਨੂੰ ਬਿਨਾਂ ਰਜ਼ਾਮੰਦੀ ਤੋਂ ਮਰੀਜ਼ਾਂ ਨੂੰ ਐਲ ਟੀ ਸੀ ਸ਼ਿਫਟ ਕਰਨ ਦੀ ਦਿੱਤੀ ਇਜਾਜ਼ਤ

ਓਨਟਾਰੀਓ, 28 ਅਪਰੈਲ (ਪੋਸਟ ਬਿਊਰੋ) : ਪ੍ਰੋਵਿੰਸ ਵੱਲੋਂ ਅੱਜ ਇੱਕ ਨਵੇਂ ਐਮਰਜੰਸੀ ਮਾਪਦੰਡ ਦਾ ਐਲਾਨ ਕੀਤਾ ਗਿਆ ਜਿਸ ਤਹਿਤ ਲਾਂਗ ਟਰਮ ਕੇਅਰ ਦੀ ਉਡੀਕ ਕਰ ਰਹੇ ਮਰੀਜ਼ਾਂ ਨੂੰ ਉਨ੍ਹਾਂ ਦੀ ਰਜ਼ਾਮੰਦੀ ਤੋਂ ਬਿਨਾਂ ਨਰਸਿੰਗ ਜਾਂ ਰਿਟਾਇਰਮੈਂਟ ਹੋਮਜ਼ ਵਿੱਚ ਸ਼ਿਫਟ ਕਰਨ ਦੀ ਹਸਪਤਾਲਾਂ ਨੂੰ ਇਜਾਜ਼ਤ ਦਿੱਤੀ ਜਾਵੇਗੀ।




ਸਿਹਤ ਮੰਤਰੀ ਕ੍ਰਿਸਟੀਅਨ ਐਲੀਅਟ ਨੇ ਆਖਿਆ ਕਿ ਇਹ ਨਵਾਂ ਫੈਸਲਾ ਹਸਪਤਾਲਾਂ ਦੇ ਆਈ ਸੀ ਯੂ ਬੈੱਡਜ਼ ਨੂੰ ਖਾਲੀ ਕਰਵਾਉਣ ਲਈ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਫੈਸਲਾ ਕਰਨਾ ਬਹੁਤ ਹੀ ਮੁਸ਼ਕਲ ਕੰਮ ਸੀ। ਉਨ੍ਹਾਂ ਆਖਿਆ ਕਿ ਜੇ ਇਹ ਫੈਸਲਾ ਨਾ ਕੀਤਾ ਜਾਂਦਾ ਤਾਂ ਇਸ ਦੇ ਨਤੀਜੇ ਤਬਾਹਕੁੰਨ ਹੋ ਸਕਦੇ ਸਨ। ਉਨ੍ਹਾਂ ਆਖਿਆ ਕਿ ਦਿਨੋਂ ਦਿਨ ਪ੍ਰੋਵਿੰਸ ਵਿੱਚ ਕੋਵਿਡ-19 ਦੇ ਮਾਮਲੇ ਵੱਧਦੇ ਜਾ ਰਹੇ ਹਨ ਤੇ ਇਸ ਲਈ ਅਜਿਹੇ ਮਰੀਜ਼ਾਂ ਨੂੰ ਸਾਂਭਣ ਲਈ ਹਸਪਤਾਲਾਂ ਵਿੱਚ ਖਾਲੀ ਬੈੱਡਾਂ ਦੀ ਲੋੜ ਸੀ।

ਪ੍ਰੋਵਿੰਸ ਵੱਲੋਂ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਬਿਨਾਂ ਸਹਿਮਤੀ ਤੋਂ ਮਰੀਜ਼ਾਂ ਨੂੰ ਟਰਾਂਸਫਰ ਕਰਨ ਦੀ ਕਵਾਇਦ ਬੇਹੱਦ ਜ਼ਰੂਰੀ ਮਾਮਲਿਆਂ ਵਿੱਚ ਹੀ ਕੀਤੀ ਜਾਵੇਗੀ। ਅਜਿਹਾ ਉਸ ਸਮੇਂ ਹੀ ਕੀਤਾ ਜਾਵੇਗਾ ਜਦੋਂ ਡਾਕਟਰਾਂ ਨੂੰ ਇਸ ਗੱਲ ਦਾ ਪੂਰਾ ਯਕੀਨ ਹੋਵੇਗਾ ਕਿ ਇਸ ਨਾਲ ਮਰੀਜ਼ ਦੀ ਸਿਹਤ ਉੱਤੇ ਕੋਈ ਮਾੜਾ ਅਸਰ ਨਹੀਂ ਹੋਵੇਗਾ। ਇਹ ਐਮਰਜੰਸੀ ਆਰਡਰ ਆਰਜ਼ੀ ਹਨ ਤੇ ਪ੍ਰੋਵਿੰਸ ਵੱਲੋਂ ਐਮਰਜੰਸੀ ਮੈਨੇਜਮੈਂਟ ਐਂਡ ਸਿਵਲ ਪ੍ਰੋਟੈਕਸ਼ਨ ਐਕਟ ਤਹਿਤ ਨਿਯਮਾਂ ਦੀ ਸੋਧ ਕੀਤੀ ਜਾ ਰਹੀ ਹੈ।

## ਐਜੈਕਸ ਵਿੱਚ ਦਿਨ ਦਿਹਾੜੇ ਚੱਲੀ ਗੋਲੀ, ਦੋ ਜ਼ਖ਼ਮੀ



ਦਰਹਾਮ, 28 ਅਪਰੈਲ (ਪੋਸਟ ਬਿਊਰੋ) : ਬੁੱਧਵਾਰ ਨੂੰ ਐਜੈਕਸ ਵਿੱਚ ਦਿਨ ਦਿਹਾੜੇ ਚੱਲੀ ਗੋਲੀ ਤੋਂ ਬਾਅਦ ਪੁਲਿਸ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਦਰਹਾਮ ਪੁਲਿਸ ਦਾ ਕਹਿਣਾ ਹੈ ਕਿ ਗੋਲੀਆਂ ਚੱਲਣ ਦੀ ਖਬਰ ਮਿਲਣ ਤੋਂ ਬਾਅਦ ਉਹ ਦੁਪਹਿਰੇ 4:30 ਵਜੇ ਹਾਰਵੁੱਡ ਐਵਨਿਊ ਤੇ ਕਿੰਗਸਟਨ ਰੋਡ ਉੱਤੇ ਪਹੁੰਚੇ। ਮੌਕੇ ਉੱਤੇ ਪਹੁੰਚਣ ਉੱਤੇ ਇੱਕ ਕਾਰ ਵਿੱਚ ਉਨ੍ਹਾਂ ਨੂੰ ਇੱਕ ਪੁਰਸ਼ ਤੇ ਮਹਿਲਾ ਜ਼ਖ਼ਮੀ ਹਾਲਤ ਵਿੱਚ ਮਿਲੇ। ਉਨ੍ਹਾਂ ਨੂੰ ਗੋਲੀ ਲੱਗੀ ਹੋਈ ਸੀ। ਉਨ੍ਹਾਂ ਨੂੰ ਨਾਜ਼ੁਕ ਹਾਲਤ ਵਿੱਚ ਟੋਰਾਂਟੋ ਦੇ ਟਰੌਮਾ ਸੈਂਟਰ ਲਿਜਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਮੌਕੇ ਦਾ ਮੁਆਇਨਾ ਕਰਨ ਤੋਂ ਬਾਅਦ ਪਤਾ ਲੱਗਿਆ ਕਿ ਉੱਥੇ ਦੋ ਗੱਡੀਆਂ ਦਰਮਿਆਨ 40 ਤੋਂ ਵੀ ਵੱਧ ਗੋਲੀਆਂ ਚਲਾਈਆਂ ਗਈਆਂ। ਪੁਲਿਸ ਨੇ ਇਹ ਵੀ ਦੱਸਿਆ ਕਿ ਮੌਕੇ ਤੋਂ ਮਸ਼ਕੂਕ ਗੱਡੀ ਲੈ ਕੇ ਫਰਾਰ ਹੋ ਗਏ। ਗੱਡੀ ਚਾਰ ਦਰਵਾਜ਼ਿਆਂ ਵਾਲੀ ਸੇਡਾਨ ਦੱਸੀ ਜਾਂਦੀ ਹੈ ਪਰ ਇਸ ਬਾਰੇ ਅਜੇ ਹੋਰ ਵੇਰਵੇ ਹਾਸਲ ਨਹੀਂ ਹੋ ਸਕੇ।

# ਓਨਟਾਰੀਓ ਵੱਲੋਂ ਪੇਡ ਸਿੱਕ ਲੀਵ ਪ੍ਰੋਗਰਾਮ ਦਾ ਐਲਾਨ

ਟੋਰਾਂਟੋ, 28 ਅਪਰੈਲ (ਪੋਸਟ ਬਿਊਰੋ) : ਦਬਾਅ ਅੱਗੇ ਗੋਡੇ ਟੇਕਦਿਆਂ ਓਨਟਾਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਆਪਣਾ ਪੇਡ ਸਿੱਕ ਲੀਵ ਪ੍ਰੋਗਰਾਮ ਲਿਆਵੇਗੀ।

ਲੇਬਰ ਮੰਤਰੀ ਮੌਂਟੀ ਮੈਕਨੌਟਨ ਤੇ ਵਿੱਤ ਮੰਤਰੀ ਪੀਟਰ ਬੈਥਲੇਨਫਾਲਵੀ ਨੇ ਇਸ ਪ੍ਰੋਗਰਾਮ ਦਾ ਐਲਾਨ ਕੀਤਾ। ਇਸ ਨੂੰ ਓਨਟਾਰੀਓ ਕੋਵਿਡ-19 ਵਰਕਰ ਇਨਕਮ ਪ੍ਰੋਟੈਕਸ਼ਨ ਬੈਨੇਫਿਟ ਦਾ ਨਾਂ ਦਿੱਤਾ ਗਿਆ। ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਇੰਪਲੌਇਅਰ ਨੂੰ ਆਪਣੇ ਵਰਕਰਜ਼ ਨੂੰ ਉਸ ਸੂਰਤ ਵਿੱਚ ਤਿੰਨ ਦਿਨਾਂ ਤੱਕ 200 ਡਾਲਰ ਪ੍ਰਤੀ ਦਿਨ ਦਿੱਤੇ ਜਾਣਗੇ ਜੇ ਉਹ ਬਿਮਾਰ ਮਹਿਸੂਸ ਕਰ ਰਿਹਾ ਹੈ ਤੇ ਜਾਂ ਫਿਰ ਉਸ ਨੇ ਵੈਕਸੀਨੇਸ਼ਨ ਕਰਵਾਉਣੀ ਹੈ।



ਮੈਕਨੌਟਨ ਨੇ ਆਖਿਆ ਕਿ ਇਸ ਪ੍ਰੋਗਰਾਮ ਲਈ ਸਿੱਕ ਨੋਟ ਨਹੀਂ ਚਾਹੀਦੇ ਹੋਣਗੇ ਤੇ ਵਰਕਰਜ਼ ਨੂੰ ਕਿਸੇ ਕਿਸਮ ਦੇ ਫਾਰਮ ਜਾਂ ਅਰਜ਼ੀਆਂ ਭਰ ਕੇ ਨਹੀਂ ਦੇਣੀਆਂ ਹੋਣਗੀਆਂ। ਇਸ ਦੀ ਥਾਂ ਉੱਤੇ ਇੰਪਲੌਇਅਰ ਨੂੰ ਆਪਣੀ ਜੇਬ੍ਹ ਵਿੱਚੋਂ ਆਪਣੇ ਮੁਲਾਜ਼ਮ ਨੂੰ ਖਰਚਾ ਦੇਣਾ ਹੋਵੇਗਾ ਤੇ ਇਸ ਖਰਚੇ ਦੀ ਭਰਪਾਈ ਪ੍ਰੋਵਿੰਸ ਵੱਲੋਂ ਵਰਕਪਲੇਸ ਸੇਫਟੀ ਐਂਡ ਇੰਸ਼ੋਰੈਂਸ ਬੋਰਡ ( ਡਬਲਿਊ ਐਸ ਆਈ ਬੀ) ਰਾਹੀਂ ਕੀਤੀ ਜਾਵੇਗੀ।

ਇਸ ਦੇ ਨਾਲ ਹੀ ਫੋਰਡ ਸਰਕਾਰ ਨੇ ਇਹ ਵੀ ਆਖਿਆ ਹੈ ਕਿ ਉਹ ਫੈਡਰਲ ਸਰਕਾਰ ਨੂੰ ਕੈਨੇਡਾ ਰਿਕਵਰੀ ਸਿੱਕਨੈੱਸ ਬੈਨੇਫਿਟ ( ਸੀ ਆਰ ਐਸ ਬੀ ) ਨੂੰ 500 ਡਾਲਰ ਤੋਂ 1000 ਡਾਲਰ ਪ੍ਰਤੀ ਹਫਤਾ ਕਰਨ ਲਈ ਆਖਦੇ ਰਹਿਣਗੇ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਸ ਲਈ ਹਾਮੀ ਨਹੀਂ ਭਰੀ ਗਈ ਹੈ।

ਓਨਟਾਰੀਓ ਦਾ ਕੋਵਿਡ-19 ਵਰਕਰ ਇਨਕਮ ਪ੍ਰੋਟੈਕਸ਼ਨ ਬੈਨੇਫਿਟ 19 ਅਪਰੈਲ ਤੋਂ ਸ਼ੁਰੂ ਹੋ ਕੇ 25 ਸਤੰਬਰ ਤੱਕ ਚੱਲੇਗਾ। ਅਜੇ ਤੱਕ ਇਸ ਪ੍ਰੋਗਰਾਮ ਉੱਤੇ ਕਿੰਨੀ ਲਾਗਤ ਆਵੇਗੀ ਇਸ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਪਬਲਿਕ ਹੈਲਥ ਮਾਹਿਰ ਤੇ ਵਿਰੋਧੀ ਧਿਰ ਦੇ ਮੈਂਬਰ ਪ੍ਰੋਵਿੰਸ਼ੀਅਲ ਤੌਰ ਉੱਤੇ ਚਲਾਏ ਜਾਣ ਵਾਲੇ ਸਿੱਕ ਲੀਵ ਪ੍ਰੋਗਰਾਮ ਦੀ ਮੰਗ ਕਈ ਮਹੀਨਿਆਂ ਤੋਂ ਕਰਦੇ ਆ ਰਹੇ ਹਨ।

## ਫੋਰਡ ਸਰਕਾਰ ਨੇ ਅਮਰੀਕਾ ਤੋਂ ਵਾਧੂ ਹੈਲਥ ਕੇਅਰ ਵਰਕਰਜ਼ ਮੁਹੱਈਆ ਕਰਵਾਉਣ ਦੀ ਕੀਤੀ ਮੰਗ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਅਸੀਂ ਇਹ ਵੀ ਸਮਝ ਸਕਦੇ ਹਾਂ ਕਿ ਦੁਨੀਆ ਭਰ ਦੇ ਕਈ ਦੇਸ਼ਾਂ ਵਿੱਚ ਇੱਕੋ ਜਿਹੇ ਹਾਲਾਤ ਹਨ। ਐਲੀਅਟ ਵੱਲੋਂ ਇਸ ਸਬੰਧ ਵਿੱਚ ਤਫਸੀਲ ਨਾਲ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਕਿ ਓਨਟਾਰੀਓ ਵੱਲੋਂ ਅਮਰੀਕਾ ਤੋਂ ਕਿਹੋ ਜਿਹੀ ਮਦਦ ਦੀ ਮੰਗ ਕੀਤੀ ਗਈ ਸੀ।

ਇਹ ਵੀ ਪਤਾ ਲੱਗਿਆ ਹੈ ਕਿ ਫੋਰਡ ਸਰਕਾਰ ਵੱਲੋਂ ਮਦਦ ਮੰਗੇ ਜਾਣ ਤੋਂ ਬਾਅਦ ਨਿਊਫਾਊਂਡਲੈਂਡ ਤੋਂ ਓਨਟਾਰੀਓ ਵਿੱਚ ਮਦਦ ਲਈ ਨੌਂ ਹੈਲਥ ਕੇਅਰ ਵਰਕਰਜ਼ ਦੀ ਟੀਮ ਆਈ ਹੈ। ਇਸ ਟੀਮ ਨੂੰ ਟੋਰਾਂਟੋ ਦੀ ਯੂਨੀਵਰਸਿਟੀ ਹੈਲਥ ਨੈੱਟਵਰਕ ਵਿੱਚ ਤਾਇਨਾਤ ਕੀਤਾ ਜਾਵੇਗਾ। ਹੈਲਥ ਕੇਅਰ ਵਰਕਰਜ਼ ਵਿੱਚ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਦੇ ਪ੍ਰੀਮੀਅਰ ਐਂਡਰਿਊ ਫੂਰੇ ਦੀ ਪਤਨੀ ਵੀ ਸ਼ਾਮਲ ਹੈ।

ਇਸ ਤੋਂ ਇਲਾਵਾ ਫੈਡਰਲ ਸਰਕਾਰ ਵੱਲੋਂ ਸੋਮਵਾਰ ਨੂੰ ਇਹ ਐਲਾਨ ਕੀਤਾ ਗਿਆ ਸੀ ਕੈਨੇਡੀਅਨ ਆਰਮਡ ਫੋਰਸਿਜ਼ ਨੂੰ ਮਦਦ ਲਈ ਭੇਜਣ ਦੀ ਓਨਟਾਰੀਓ ਸਰਕਾਰ ਦੀ ਮੰਗ ਉਨ੍ਹਾਂ ਵੱਲੋਂ ਮੰਨ ਲਈ ਗਈ ਹੈ। ਸੀਏਐਫ ਦੋ ਨਰਸਾਂ ਵਾਲੀਆਂ ਤਿੰਨ ਟੀਮਾਂ ਦੇ ਨਾਲ ਨਾਲ 10 ਮੈਡੀਕਲ ਟੈਕਨੀਸ਼ੀਅਨਜ਼ ਨੂੰ ਵੀ ਤਾਇਨਾਤ ਕਰੇਗੀ। ਇਸ ਦੇ ਨਾਲ ਹੀ ਫੈਡਰਲ ਸਰਕਾਰ ਨੇ ਇਹ ਵੀ ਆਖਿਆ ਸੀ ਕਿ ਉਹ ਕੈਨੇਡੀਅਨ ਰੈੱਡ ਕਰੌਸ ਨੂੰ ਮੁੜ ਤਾਇਨਾਤ ਕਰਨ ਦਾ ਸਾਰਾ ਖਰਚਾ ਚੁੱਕੇਗੀ।

# ਫੋਰਡ ਸਰਕਾਰ ਦੇ ਪੇਡ ਸਿੱਕ ਲੀਵ ਪ੍ਰੋਗਰਾਮ ਦੀ ਵਿਰੋਧੀ ਧਿਰਾਂ ਵੱਲੋਂ ਨੁਕਤਾਚੀਨੀ

ਓਨਟਾਰੀਓ, 28 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਕੋਵਿਡ-19 ਸਿੱਕ ਲੀਵ ਪਲੈਨ ਦੀ ਵਿਰੋਧੀ ਧਿਰਾਂ ਦੇ ਮੈਂਬਰਾਂ ਵੱਲੋਂ ਸਖ਼ਤ ਨੁਕਤਾਚੀਨੀ ਕੀਤੀ ਜਾ ਰਹੀ ਹੈ। ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਯੋਗ ਵਰਕਰਜ਼ ਨੂੰ ਤਿੰਨ ਦਿਨ ਦੀ ਪੇਡ ਛੁੱਟੀ ਮਿਲੇਗੀ ਤੇ 1000 ਡਾਲਰ ਹਫਤੇ ਦੇ ਨੇੜੇ ਤੇੜੇ ਰਕਮ ਵੀ ਮਿਲੇਗੀ।



ਐਨਡੀਪੀ ਆਗੂ ਐਂਡਰੀਆ ਹੌਰਵਥ ਦਾ ਕਹਿਣਾ ਹੈ ਕਿ ਫੋਰਡ ਸਰਕਾਰ ਨੇ ਇਹ ਕਦਮ ਚੁੱਕਣ ਵਿੱਚ ਕਾਫੀ ਦੇਰ ਕਰ ਦਿੱਤੀ। ਉਨ੍ਹਾਂ ਸੋਸ਼ਲ ਮੀਡੀਆ ਉੱਤੇ ਆਖਿਆ ਕਿ ਜਿਸ ਸਮੇਂ ਫੋਰਡ ਸਰਕਾਰ ਵੱਲੋਂ ਪੇਡ ਸਿੱਕ ਡੇਅਜ਼ ਦੀ ਗੱਲ ਕੀਤੀ ਜਾ ਰਹੀ ਹੈ ਉਦੋਂ ਤੱਕ 455,000 ਲੋਕ ਕੋਵਿਡ-19 ਕਾਰਨ ਸੰਕ੍ਰਮਿਤ ਹੋ ਚੁੱਕੇ ਹਨ ਤੇ 8000 ਦੇ ਨੇੜੇ ਤੇੜੇ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਹ ਪ੍ਰੋਗਰਾਮ ਕਾਫੀ ਦੇਰ ਨਾਲ ਐਲਾਨਿਆ ਗਿਆ ਹੈ। ਇਹ ਆਖਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ ਕਿ ਇਸ ਪ੍ਰੋਗਰਾਮ ਦਾ ਐਲਾਨ ਉਸ ਸਮੇਂ ਕੀਤਾ ਗਿਆ ਜਦੋਂ ਕੋਵਿਡ-19 ਕਾਬੂ ਤੋਂ ਬਾਹਰ ਹੋ ਗਿਆ ਤੇ ਉਨ੍ਹਾਂ ਵਰਕਰਜ਼ ਲਈ ਵੀ ਇਹ ਕਾਫੀ ਦੇਰ ਨਾਲ ਆਇਆ ਪ੍ਰੋਗਰਾਮ ਹੈ ਜਿਹੜੇ ਪਹਿਲਾਂ ਹੀ ਬਿਮਾਰ ਹੋ ਚੁੱਕੇ ਹਨ।

ਹੌਰਵਥ ਨੇ ਆਖਿਆ ਕਿ ਵਾਇਰਸ ਨਾਲ ਸੰਕ੍ਰਮਿਤ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਤਿੰਨ ਪੇਡ ਸਿੱਕ ਡੇਅਜ਼ ਕਾਫੀ ਨਹੀਂ ਹਨ। ਕੋਵਿਡ-19 ਤੋਂ ਬਾਅਦ ਸਿਹਤਯਾਬ ਹੋਣ ਲਈ ਕੁੱਝ ਹਫਤਿਆਂ ਦਾ ਸਮਾਂ ਲੱਗਦਾ ਹੈ। ਇੱਥੋਂ ਤੱਕ ਕਿ ਟੈਸਟ ਕਰਵਾਉਣ ਤੇ ਨਤੀਜੇ ਹਾਸਲ ਕਰਨ ਵਿੱਚ ਵੀ ਸਮਾਂ ਲੱਗਦਾ ਹੈ। ਤਿੰਨ ਸਿੱਕ ਡੇਅਜ਼ ਕਾਫੀ ਨਹੀਂ ਹਨ। ਹੌਰਵਥ ਨੇ ਆਖਿਆ ਕਿ ਉਹ ਉਨ੍ਹਾਂ ਸਾਰਿਆਂ ਦੀ ਸ਼ੁਕਰਗੁਜ਼ਾਰ ਹੈ ਜਿਹੜੇ ਪੇਡ ਸਿੱਕ ਡੇਅਜ਼ ਲਈ ਲੜੇ। ਅਸੀਂ ਤੁਹਾਡੀ ਨਿਰਾਸ਼ਾ ਸਮਝ ਸਕਦੇ ਹਾਂ ਤੇ ਅਸੀਂ ਤੁਹਾਡੇ ਨਾਲ ਇਸ ਸੰਘਰਸ਼ ਨੂੰ ਜਾਰੀ ਰੱਖਾਂਗੇ।

ਟੋਰਾਂਟੋ ਦੇ ਕਾਊਂਸਲਰ ਜੋਅ ਕ੍ਰੈਸੀ ਨੇ ਵੀ ਹੌਰਵਥ ਦਾ ਰਾਇ ਨਾਲ ਸਹਿਮਤੀ ਪ੍ਰਗਟਾਈ। ਟੋਰਾਂਟੋ ਦੇ ਡਾਕਟਰ ਨਾਹੀਦ ਦੋਸਾਨੀ ਨੇ ਵੀ ਇਹੋ ਆਖਿਆ ਕਿ ਸਰਕਾਰ ਤਿੰਨ ਦਿਨਾਂ ਲਈ ਮੁਆਵਜ਼ੇ ਦੀ ਗੱਲ ਕਰ ਰਹੀ ਹੈ ਜਦਕਿ ਇਸ ਵਾਇਰਸ ਤੋਂ ਠੀਕ ਹੋਣ ਲਈ ਹੀ ਘੱਟੋ ਘੱਟ 10 ਦਿਨ ਲੱਗ ਜਾਂਦੇ ਹਨ।

ਓਨਟਾਰੀਓ ਫੈਡਰੇਸ਼ਨ ਆਫ ਲੇਬਰ ਨੇ ਆਖਿਆ ਕਿ ਓਨਟਾਰੀਓ ਦੇ ਵਰਕਰਜ਼ ਨੂੰ ਟੈਂਪਰੇਰੀ ਬੈਨੇਫਿਟ ਤੋਂ ਜ਼ਿਆਦਾ ਦੀ ਲੋੜ ਹੈ। ਸਾਨੂੰ ਸਥਾਈ, ਸਹੀ ਤੇ ਯੂਨੀਵਰਸਲ ਪੇਡ ਸਿੱਕ ਡੇਅਜ਼ ਚਾਹੀਦੇ ਹਨ। ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਪ੍ਰੀਮੀਅਰ ਫੋਰਡ ਤੋਂ ਅਸਤੀਫੇ ਦੀ ਮੰਗ ਕਰਦਿਆਂ ਆਖਿਆ ਕਿ ਇਹ ਨਵਾਂ ਉਪਰਾਲਾ ਅਣਮਣੇ ਮਨ ਨਾਲ ਕੀਤੀ ਗਈ ਕੋਸ਼ਿਸ਼ ਹੈ ਤੇ ਵਰਕਰਜ਼ ਦੀਆਂ ਲੋੜਾਂ ਤੋਂ ਮੂੰਹ ਮੋੜ ਲੈਣ ਵਾਲੀ ਗੱਲ ਹੈ।

# ਬਜਟ 2021-22 'ਚ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਸਮੇਤ ਸਾਰੇ ਵਰਗਾਂ ਦਾ ਧਿਆਨ ਰੱਖਿਆ ਗਿਆ ਹੈ : ਸੋਨੀਆ ਸਿੱਧੂ

**ਚਾਈਲਡ ਕੇਅਰ ਦੀ ਫੀਸ ਨੂੰ 10 ਡਾਲਰ/ਪ੍ਰਤੀ ਦਿਨ ਤੱਕ ਘਟਾਉਣ ਦਾ ਪ੍ਰਸਤਾਵ ਮਾਪਿਆਂ ਅਤੇ ਬੱਚਿਆਂ ਲਈ ਲਾਹੇਵੰਦ ਸਾਬਿਤ ਹੋਵੇਗਾ**

ਬਰੈਂਪਟਨ - ਬਜਟ 2021-22 ਸਬੰਧੀ ਗੱਲ ਕਰਦਿਆਂ ਐੱਮ.ਪੀ ਸੋਨੀਆ ਸਿੱਧੂ ਨੇ ਕਿਹਾ ਕਿ ਪਹਿਲੀ ਵਾਰ ਮਹਿਲਾ ਵਿੱਤ ਮੰਤਰੀ ਵੱਲੋਂ ਪੇਸ਼ ਕੀਤੇ ਗਏ ਇਸ ਬਜਟ 'ਚ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਸਮੇਤ ਸਾਰੇ ਵਰਗਾਂ ਦਾ ਧਿਆਨ ਰੱਖਿਆ ਗਿਆ ਹੈ।

ਉਹਨਾਂ ਨੇ ਕਿਹਾ ਕਿ ਫੈੱਡਰਲ ਲਿਬਰਲ ਸਰਕਾਰ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਸਾਰੇ ਹੀ ਵਰਗਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਨਾ ਸਿਰਫ ਕੈਨੇਡਾ ਫੈੱਡਰਲ ਲਿਬਰਲ ਸਰਕਾਰ ਵੱਲੋਂ ਕੋਵਿਡ-19 ਵਿੱਤੀ ਸਹਾਇਤਾ ਲਈ ਕਈ ਪ੍ਰਸਤਾਵ ਪੇਸ਼ ਕੀਤੇ ਗਏ ਹਨ ਬਲਕਿ ਹਰ ਵਰਗ ਜਿਵੇਂ ਕਿ ਬੱਚਿਆਂ ਦੀ ਦੇਖਭਾਲ ਤੋਂ ਲੈਕੇ ਨੌਕਰੀਆਂ, ਹੈਲਥਕੇਅਰ, ਇਕਾਨਮੀ, ਮਿਡਲ ਕਲਾਸ, ਬਜ਼ੁਰਗਾਂ, ਅਤੇ ਵਾਤਾਵਰਨ ਜਿਹੇ ਅਹਿਮ ਮੁੱਦਿਆਂ 'ਤੇ ਸਬੰਧੀ ਕਈ ਜ਼ਰੂਰੀ ਐਲਾਨ ਕੀਤੇ ਗਏ ਹਨ।

ਉਹਨਾਂ ਨੇ ਜਾਣਕਾਰੀ ਦਿੰਦੇ ਦੱਸਿਆਂ ਫੈੱਡਰਲ ਸਰਕਾਰ ਵੱਲੋਂ 30 ਬਿਲੀਅਨ ਡਾਲਰ ਦੇ ਨਿਵੇਸ਼ ਨਾਲ ਚਾਈਲਡ ਕੇਅਰ ਨੂੰ ਕਿਫਾਇਤੀ ਬਣਾਉਣ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ। ਇਸ ਤਹਿਤ ਅਗਲੇ ਸਾਲ ਤੱਕ 50 ਚਾਈਲਡ ਕੇਅਰ ਫੀਸ ਨੂੰ ਔਸਤਨ 50% ਤੱਕ ਘਟਾਉਣ ਅਤੇ 2026 ਤੱਕ ਇਸਨੂੰ $10/ਪ੍ਰਤੀ ਦਿਨ ਤੱਕ ਘਟਾਉਣ ਦਾ ਪ੍ਰਸਤਾਵ ਹੈ।



ਕੈਨੇਡਾ ਐਮਰਜੈਂਸੀ ਵੇਜ ਸਬਸਿਡੀ ਨੇ 5.3 ਮਿਲੀਅਨ ਤੋਂ ਵੱਧ ਕੈਨੇਡੀਅਨਾਂ ਨੂੰ ਆਪਣੀ ਨੌਕਰੀ ਜਾਰੀ ਰੱਖਣ ਵਿੱਚ ਸਹਾਇਤਾ ਕੀਤੀ ਹੈ, ਅਤੇ ਕੈਨੇਡਾ ਐਮਰਜੈਂਸੀ ਕਿਰ-ਾਇਆ ਸਬਸਿਡੀ ਅਤੇ ਲਾਕਡਾਊਨ ਸਪੋਰਟ ਨੇ 154,000 ਤੋਂ ਵੱਧ ਸੰਸਥਾਵਾਂ ਨੂੰ ਕਿਰਾਏ, ਮੌਰਗਿਜ ਅਤੇ ਹੋਰ ਖਰਚਿਆਂ ਵਿੱਚ ਸਹਾਇਤਾ ਕੀਤੀ ਹੈ। ਬਜਟ 2021 ਵਿੱਚ ਤਨਖਾਹ ਸਬਸਿਡੀ, ਕਿਰਾਇਆ ਸਬਸਿਡੀ, ਅਤੇ ਲਾਕਡਾਊਨ ਸਹਾਇਤਾ 25 ਸਤੰਬਰ 2021 ਤੱਕ ਵਧਾਉਣ ਦਾ ਪ੍ਰਸਤਾਵ ਹੈ।

ਬਜਟ 2021 ਵਿੱਚ ਪੋਸਟ-ਸੈਕੰਡਰੀ ਸਿੱਖਿਆ ਨੂੰ ਵਧੇਰੇ ਕਿਫਾਇਤੀ ਬਣਾਉਣ ਵਿੱਚ ਮਦਦ ਕਰਨ ਅਤੇ ਵਿਦਿਆਰਥੀਆਂ ਨੂੰ ਸਹਾਇਤਾ ਕਰਨ ਲਈ 4.1 ਬਿਲੀਅਨ ਦਾ ਨਿਵੇਸ਼ ਕਰਨ ਦਾ ਪ੍ਰਸਤਾਵ ਹੈ। ਇਸ ਤਹਿਤ ਦੋ ਹੋਰ ਸਾਲਾਂ ਲਈ ਕੈਨੇਡਾ ਸਟੂਡੈਂਟ ਗ੍ਰਾਂਟਸ ਨੂੰ ਦੁਗਣਾ ਕਰਨ, 31 ਮਾਰਚ, 2023 ਤੱਕ ਵਿਦਿਆਰਥੀ ਕਰਜ਼ਿਆਂ 'ਤੇ ਵਿਆਜ ਮੁਆਫ ਕਰਨਾ ਸ਼ਾਮਲ ਹਨ। 40,000 ਡਾਲਰ ਜਾਂ ਇਸ ਤੋਂ ਘੱਟ ਕਮਾਈ ਕਰਨ ਵਾਲੇ ਨੂੰ ਆਪਣੇ ਵਿਦਿਆਰਥੀ ਕਰਜ਼ਿਆਂ 'ਤੇ ਕੋਈ ਭੁਗਤਾਨ ਕਰਨ ਦੀ ਜ਼ਰੂਰਤ ਨਹੀਂ ਪਵੇਗੀ।

ਸਰਕਾਰ 75 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ ਓਲਡ ਏਜ ਸਿਕਿਓਰਿਟੀ (ਓ.ਏ.ਐੱਸ.) ਲਾਭ ਵਧਾਉਣ ਲਈ ਵਚਨਬੱਧ ਹੈ, ਜਿਸ ਨਾਲ ਲਗਭਗ 3.3 ਮਿਲੀਅਨ ਬਜ਼ੁਰਗਾਂ ਨੂੰ ਲਾਭ ਹੋਵੇਗਾ। ਇਸ ਤੋਂ ਇਲਾਵਾ ਬਜਟ 2021 ਵਿੱਚ ਅਗਸਤ 2021 ਵਿਚ 75 ਜਾਂ ਇਸ ਤੋਂ ਵੱਧ ਓਏਐਸ ਪੈਨਸ਼ਨਰਾਂ ਨੂੰ $500 ਦੀ ਇਕ ਸਮੇਂ ਦੀ ਅਦਾਇਗੀ ਦੇਣ ਦਾ ਪ੍ਰਸਤਾਵ ਹੈ।

ਵੈਕਸੀਨੇਸ਼ਨ ਮੁਹਿੰਮ ਬਾਰੇ ਗੱਲ ਕਰਦਿਆਂ ਐੱਮ.ਪੀ ਸੋਨੀਆ ਸਿੱਧੂ ਨੇ ਦੱਸਿਆ ਕਿ ਮਈ ਵਿਚ ਹਰ ਹਫ਼ਤੇ ਫਾਈਜ਼ਰ ਦੀਆਂ 2 ਮਿਲੀਅਨ ਖੁਰਾਕਾਂ ਪਹੁੰਚਣਗੀਆਂ, ਜੋ ਕਿ ਅਸਲ ਵਿੱਚ ਯੋਜਨਾ ਨਾਲੋਂ ਦੁਗਣਾ ਹੈ। ਇਸ ਤੋਂ ਇਲਾਵਾ ਜੂਨ ਵਿੱਚ ਪ੍ਰਤੀ ਹਫਤੇ 2.5 ਮਿਲੀਅਨ ਫਾਈਜ਼ਰ ਡੋਜ਼ ਦੀ ਖੇਪ ਪਹੁੰਚੇਗੀ ਅਤੇ ਜੂਨ ਦੇ ਅੰਤ ਤੱਕ 48-50 ਮਿਲੀਅਨ ਖੁਰਾਕਾਂ ਮਿਲਣ ਦੀ ਤਿਆਰੀ ਹੈ। ਨਾਲ ਹੀ ਉਹਨਾਂ ਨੇ ਉਨਟਾਰੀਓ ਸੂਬਾ ਸਰਕਾਰ ਵੱਲੋਂ ਫੈੱਡਰਲ ਸਰਕਾਰ ਕੋਲੋਂ ਕੋਵਿਡ-19 ਦੇ ਮੱਦੇਨਜ਼ਰ ਮੰਗੀ ਗਈ ਮਦਦ 'ਤੇ ਗੱਲ ਕਰਦਿਆਂ ਕਿਹਾ ਕਿ ਕੈਨੇਡੀਅਨਾਂ ਤੱਕ ਕੋਵਿਡ-19 ਸਬੰਧੀ ਹਰ ਮਦਦ ਸਮੇਂ ਸਿਰ ਪਹੁੰਚਾਉਣ ਲਈ ਕੈਨੇਡਾ ਫੈੱਡਰਲ ਸਰਕਾਰ ਹਮੇਸ਼ਾ ਤੀ ਤਰ੍ਹਾਂ ਵਚਨਬੱਧ ਹੈ।






## ਅੱਜ ਨਾਮਾ >>

ਪਿੱਛੋਂ ਸਿੱਧੂ ਦੇ ਬੋਲਿਆ ਸਿੰਘ ਪਰਗਟ,
ਕੀਤੀ ਸਿੱਧੀ ਕਪਤਾਨ ’ਤੇ ਧਾਈ ਮੀਆਂ।
ਨੌਬਤ ਚੋਣ ਚੁਣੌਤੀ ਲਈ ਆਈ ਕਿਧਰੋਂ,
ਮਾਮਲੇ ਹੋਰ ਲਈ ਹੋਈ ਲੜਾਈ ਮੀਆਂ।
ਕੋਟਕਪੂਰੇ ਦਾ ਕੇਸ ਪਿਆ ਨਾਸ ਕੀਤਾ,
ਭੋਰਾ ਗਈ ਨਾ ਹਿੰਮਤ ਵਿਖਾਈ ਮੀਆਂ।
ਲੋਕੀਂ ਆਖਦੇ ਗੁੱਝੀ ਕੋਈ ਤਾਰ ਜੁੜਦੀ,
ਮਿਲ ਕੇ ਬੇੜੀ ਹੈ ਗਈ ਬਹਾਈ ਮੀਆਂ।
ਪੁੱਛ ਰਹੇ ਲੋਕ ਜਵਾਬ ਵਿੱਚ ਦੱਸੀਏ ਕੀ,
ਅਗਲੀ ਆਈ ਹੈ ਬੂਹੇ ’ਤੇ ਚੋਣ ਮੀਆਂ।
ਚੌਥੇ ਸਾਲ ਵਿੱਚ ਲੱਗਿਆ ਦਾਗ ਜਿਹੜਾ,
ਇਹਦੇ ਆਊ ਕਿਹੜਾ ਧੋਣੇ ਧੋਣ ਮੀਆਂ।

**ਤੀਸ ਮਾਰ ਖਾਂ**

# ਬੇਅਦਬੀ ਕੇਸ: ਵਿਧਾਇਕ ਪਰਗਟ ਸਿੰਘ ਵੱਲੋਂ ਕੈਪਟਨ ਅਮਰਿੰਦਰ ਖ਼ਿਲਾਫ਼ ਜ਼ੋਰਦਾਰ ਸਿਆਸੀ ਹਮਲਾ

ਜਲੰਧਰ, 28 ਅਪਰੈਲ, (ਪੋਸਟ ਬਿਊਰੋ)- ਜਲੰਧਰ ਛਾਉਣੀ ਦੇ ਕਾਂਗਰਸੀ ਵਿਧਾਇਕ ਪਰਗਟ ਸਿੰਘ ਵੀ ਅੱਜ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘਖ਼ਿਲਾਫ਼ ਖੁੱਲ੍ਹ ਕੇ ਬੋਲ ਪਏ ਹਨ। ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਪੱਖ ਲੈਂਦੇ ਹੋਏ ਅੱਜ ਬੁੱਧਵਾਰ ਨੂੰ ਉਨ੍ਹਾਂ ਨੇ ਕੈਪਟਨ ਦੇ ਖ਼ਿਲਾਫ਼ ਵੱਡਾ ਬਿਆਨ ਦਿੱਤਾ ਹੈ।



ਕੈਪਟਨ ਅਮਰਿੰਦਰ ਸਿੰਘ ਵੱਲੋਂਕੱਲ੍ਹ ਚੰਡੀਗੜ੍ਹ ਵਿੱਚ ਵਿਧਾਇਕਾਂ ਨਾਲ ਕੀਤੀ ਮੀਟਿੰਗ ਪਿੱਛੋਂ ਪਰਗਟ ਸਿੰਘ ਨੇ ਕਿਹਾ ਕਿ ਕੈਪਟਨ ਨੇ ਜਾਣਬੁੱਝ ਕੇ ਬੇਅਦਬੀ ਕੇਸਾਂ ਵਿੱਚ 4 ਸਾਲ ਕੁਝ ਨਹੀਂ ਕੀਤਾ ਤੇ ਸਿਰਫ ਲੀਪਾਪੋਤੀ ਕੀਤੀ ਹੈ।ਉਨ੍ਹਾਂ ਕਿਹਾ ਕਿ ਜੇ ਕੋਈ ਮੰਤਰੀ ਬੇਅਦਬੀ ਦੇ ਕੇਸਾਂ ਵਿੱਚ ਇਨਸਾਫ਼ ਦੀ ਆਵਾਜ਼ ਚੁੱਕਦਾ ਹੈ ਤਾਂ ਕੈਪਟਨ ਅਮਰਿੰਦਰ ਸਿੰਘ ਖੁੱਲ੍ਹ ਕੇ ਕਹਿੰਦੇ ਹਨ ਕਿ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿਓ, ਜੋ ਮਰਜ਼ੀ ਕਰੋ। ਇਸ ਦਾ ਅਰਥ ਸਾਫ਼ ਹੈ ਕਿ ਇਨ੍ਹਾਂ ਕੇਸਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਦੋਸ਼ੀਆਂ ਨੂੰ ਬਚਾਉਂਦੇ ਰਹੇ ਹਨ।

ਨਵਜੋਤ ਸਿੰਘ ਸਿੱਧੂ ਨੂੰ ਕੈਪਟਨ ਅਮਰਿੰਦਰ ਸਿੰਘ ਵੱਲੋਂ ਪਟਿਆਲਾ ਤੋਂ ਚੋਣ ਲੜਨ ਦੀ ਖੁੱਲ੍ਹੀ ਚੁਣੌਤੀ ਪਰਗਟ ਸਿੰਘ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਏਦਾਂ ਦੀ ਗੱਲ ਕਹਿਣੀ ਨਹੀਂ ਸੀ ਚਾਹੀਦੀ।ਮੁੱਖ ਮੰਤਰੀ ਇਕ ਰਾਜ ਦਾ ਪਿਤਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਸਾਨੂੰ ਏਦਾਂ ਦੀਆਂ ਗੱਲਾਂ ਵਿੱਚ ਪੈਣਾ ਨਹੀਂ ਚਾਹੀਦਾ,ਏਦਾਂ ਦੀਆਂ ਗੱਲਾਂ ਛੋਟੇ ਕੱਦ ਦਾ ਆਗੂ ਕਰਦਾ ਹੈ। ਪਰਗਟ ਸਿੰਘ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਬੜੇ ਛੋਟੇ ਕੱਦ ਦੇ ਆਗੂ ਹਨ, ਜਿਨ੍ਹਾਂ ਨੇ ਸਿੱਧੂ ਨੂੰ ਆਹਮੋ ਸਾਹਮਣੇ ਚੋਣਾਂ ਲੜਨ ਦਾ ਸੱਦਾ ਦਿੱਤਾ ਹੈ, ਏਦਾਂ ਦੀਆਂ ਗੱਲਾਂ ਛੋਟੇ ਆਗੂ ਕਰਦੇ ਹਨ, ਰਾਜਦਾਮੁੱਖ ਮੰਤਰੀ ਨਹੀਂ ਕਰਦਾ, ਪਰ ਸਿੱਧੂ ਦੇ ਪਟਿਆਲਾ ਹਲਕੇ ਤੋਂ ਚੋਣ ਲੜਨ ਜਾਂ ਨਾ ਲੜਨ ਨਾਲ ਬੇਅਦਬੀ ਮੁੱਦਾ ਹੱਲ ਨਹੀਂ ਹੁੰਦਾ, ਮੁੱਦਾ ਤਾਂ ਹੱਲ ਕਰਨਾ ਪੈਣਾ ਹੈ, ਏਧਰ-ਓਧਰ ਦੀਆਂ ਗੱਲਾਂ ਦੇ ਨਾਲ ਕੇਸ ਠੰਢੇ ਬਸਤੇ ਵਿੱਚ ਨਹੀਂ ਪੈ ਸਕਣਾ।ਪਰਗਟ ਸਿੰਘ ਨੇ ਕਿਹਾ ਕਿ ਮੈਂ ਹਾਕੀ ਦਾ ਕਪਤਾਨ ਸੀ, ਇਕੱਲਾ ਚੰਗਾ ਖੇਡਦਾ ਹੋਵਾਂਗਾ, ਪਰ ਕਪਤਾਨ ਵਜੋਂ ਹਰ ਕਿਸੇ ਦੀ ਜ਼ਿੰਮੇਵਾਰੀ ਤੈਅ ਕਰਨਾਮੇਰੀ ਜ਼ਿੰਮੇਵਾਰੀ ਸੀ। ਉਨ੍ਹਾਂ ਕਿਹਾ ਕਿ ਐੱਸਆਈਟੀ ਦੇ ਮੈਂਬਰ ਤਿੰਨ ਮਹੀਨੇਬਾਅਦ ਆਪੋ ਵਿਚ ਝਗੜ ਪਏ ਤਾਂ ਗ੍ਰਹਿ ਮੰਤਰੀ ਵਜੋਂ ਕਾਰਵਾਈ ਕਰਨੀ ਕਿਸ ਦੀ ਜ਼ਿੰਮੇਵਾਰੀ ਸੀ।

ਕੋਟਕਪੂਰਾ ਗੋਲ਼ੀ ਕਾਂਡ ਬਾਰੇ ਹਾਈ ਕੋਰਟ ਦਾ ਫ਼ੈਸਲਾ ਆਉਣ ਨਾਲ ਖ਼ੁਸ਼ ਹੋਈ ਅਕਾਲੀ ਲੀਡਰਸ਼ਿਪ ਉੱਤੇ ਵੀ ਵਰ੍ਹਦੇ ਹੋਏ ਪਰਗਟ ਸਿੰਘ ਨੇ ਕਿਹਾ ਕਿ ਅਕਾਲੀ ਆਗੂ ਕਿਉਂ ਖ਼ੁਸ਼ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਡੇਰਾ ਸੱਚਾ ਸੌਦਾ ਦੇ ਮੁਖੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਪਹਿਰਾਵੇ ਵਰਗੀ ਪੁਸ਼ਾਕ ਪਾਉਣੀ, ਫਿਰ ਡੇਰਾ ਮੁਖੀ ਨੂੰ ਮਾਫ਼ੀ ਦੇਣੀ, ਗੁਰੂ ਗ੍ਰੰਥ ਸਾਹਿਬ ਦੀ ਚੋਰੀ ਅਤੇ ਫਿਰ ਗਲ਼ੀਆਂ ਵਿੱਚ ਗੁਰੂ ਸਾਹਿਬ ਦੇ ਅੰਗ ਰੁਲ਼ਣੇ, ਗੋਲ਼ੀ ਕਾਂਡ ਆਦਿ ਘਟਨਾਵਾਂ ਤਾਂ ਉਨ੍ਹਾਂ ਦੇ ਰਾਜ ਵਿਚ ਹੋਈਆਂ ਸਨ। ਉਨ੍ਹਾਂ ਕਿਹਾ ਕਿ ਬੇਅਦਬੀ ਦੀ ਘਟਨਾ ਦੀ ਅਸਲ ਜੜ੍ਹ ਕੋਈ ਨਹੀਂ ਫੜਦਾ।

## ਮੁੱਖ ਮੰਤਰੀ ਦੇ ਪੱਖ ਵਿੱਚ ਇੱਕ ਕੈਬਨਿਟ ਮੰਤਰੀ ਧਰਮਸ਼ੋਤ ਬੋਲਿਆ

* ਹਾਈ ਕੋਰਟ ਦੇ ਫੈਸਲੇ ਨਾਲ ਬਾਦਲਾਂ ਨੂੰ ਖ਼ੁਸ਼ ਨਾ ਹੋਣ ਲਈ ਕਿਹਾ
* ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਹਰ ਹਾਲਤ ਸਜ਼ਾ ਮਿਲੇਗੀ

ਨਾਭਾ, 28 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸ਼ੋਤ ਨੇ ਹਾਈ ਕੋਰਟ ਵੱਲੋਂਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਾਰੇ ਦਿੱਤੇ ਫੈਸਲੇ ਉੱਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਬਾਦਲ ਅਕਾਲੀ ਦਲ ਦੇ ਲੋਕ ਬੇਅਦਬੀ ਕਾਂਡ ਬਾਰੇ ਏਨੇ ਖ਼ੁਸ਼ ਨਾ ਹੋਣ,ਕਿਉਂਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਆਪਣੇ ਬਾਕੀ ਸਮੇਂ ਦੌਰਾਨ ਇਸ ਗੋਲੀਕਾਂਡ ਅਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾ ਕੇਰਹੇਗੀ।

ਵਰਨਣ ਯੋਗ ਹੈ ਕਿ ਬੀਤੇ ਸੋਮਵਾਰ ਦੀ ਕੈਬਨਿਟ ਮੀਟਿੰਗ ਵਿੱਚ ਇੱਕ ਮੰਤਰੀ ਤੇ ਮੁੱਖ ਮੰਤਰੀ ਵਿਚਾਲੇ ਸਿੱਧੀ ਖਿੱਚੋਤਾਣ ਤੇ ਉਸ ਮੰਤਰੀ ਵੱਲੋਂ ਅਸਤੀਫੇ ਦੀ ਪੇਸ਼ਕਸ਼ ਦੇ ਬਾਅਦ ਸਾਧੂ ਸਿੰਘ ਧਰਮਸ਼ੋਤ ਪਹਿਲੇ ਮੰਤਰੀ ਹਨ, ਜਿਨ੍ਹਾਂ ਨੇ ਮੁੱਖ ਮੰਤਰੀ ਦੇ ਪੱਖ ਵਿੱਚ ਕੋਈ ਵੀ ਗੱਲ ਜਨਤਕ ਤੌਰ ਉੱਤੇ ਕਹੀ ਹੈ। ਪੰਜਾਬ ਦੇ ਜੰਗਲਾਤ ਮੰਤਰੀ ਧਰਮਸ਼ੋਤ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਵੀਂ ਐੱਸ ਆਈ ਟੀ ਬਣਾਉਣ ਦਾ ਫ਼ੈਸਲਾ ਕਰ ਲਿਆ ਹੈ, ਜੋ ਤੈਅ ਸਮੇਂ ਵਿਚ ਜਾਂਚ ਕਰ ਕੇ ਦੋਸ਼ੀਆਂ ਨੂੰ ਕਟਹਿਰੇ ਵਿੱਚ ਖੜ੍ਹਾ ਕਰੇਗੀ। ਉਨ੍ਹਾਂ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਜਾਂਚ ਕਰਨ ਉਪਰੰਤ ਦੋਸ਼ੀ ਪਾਏ ਜਾਣ ਵਾਲੇ ਲੋਕਾਂ ਦੇ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਇਕ ਵੀ ਦੋਸ਼ੀ ਬਚ ਨਹੀਂ ਸਕੇਗਾ।

# ਟੋਰਾਂਟੋ ਦੇ ਹੌਟ ਸਪੌਟਸ ਵਿੱਚ ਅੱਜ ਤੋਂ ਖੁੱਲ੍ਹਣਗੇ ਪੌਪ ਅੱਪ ਕਲੀਨਿਕਸ

ਟੋਰਾਂਟੋ, 28 ਅਪਰੈਲ (ਪੋਸਟ ਬਿਊਰੋ) : ਤਿੰਨ ਹੌਟ ਸਪੌਟਸ ਵਿੱਚ ਰਹਿਣ ਵਾਲਿਆਂ ਲਈ ਚਾਰ ਪੌਪ ਅੱਪ ਵੈਕਸੀਨੇਸ਼ਨ ਕਲੀਨਿਕਸ ਸਕਾਰਬੌਰੋ ਵਿੱਚ ਅੱਜ ਤੋਂ ਖੁੱਲ੍ਹਣ ਜਾ ਰਹੇ ਹਨ।

ਐਮ 1 ਜੀ, ਐਮ 1 ਜੇ ਤੇ ਐਮ 1 ਐਲ ਪੋਸਟਲ ਕੋਡਜ਼ ਵਿਚਲੇ 18 ਸਾਲ ਤੇ ਇਸ ਤੋ ਵੱਧ ਉਮਰ ਦੇ ਲੋਕ ਇੱਥੇ ਟੀਕਾਕਰਣ ਕਰਵਾਉਣ ਲਈ ਯੋਗ ਹੋਣਗੇ। ਇਨ੍ਹਾਂ ਕਲੀਨਿਕਸ ਵਿੱਚ ਪਹਿਲਾਂ ਆਓ ਪਹਿਲਾਂ ਪਾਓ ਦੇ ਹਿਸਾਬ ਨਾਲ ਸੇਵਾਵਾਂ ਦਿੱਤੀਆਂ ਜਾਣਗੀਆਂ। ਇੱਥੇ ਕੋਈ ਅਪੁਆਇੰਟਮੈਂਟ ਨਹੀਂ ਹੋਵੇਗੀ। ਹੇਠ ਲਿਖੀਆਂ ਥਾਂਵਾਂ ਉੱਤੇ ਵੈਕਸੀਨੇਸ਼ਨ ਦੱਸੇ ਗਏ ਸਮੇਂ ਅਨੁਸਾਰ ਹੋਵੇਗੀ :

M1G
Centennial College – 941 Progress Ave
10 a.m. to 8 p.m. (or until supply runs out)
1,500 doses available

M1J
Cedar Drive JPS – 21 Gatesview Ave
10 a.m. to 8 p.m. (or until supply runs out)
1,500 doses available

M1L
70 Prairie Dr (parking lot)
8:30 a.m. until supply runs out
1,000 doses available

M1L
Warden Hilltop CC – 25 Mendelssohn St
8:30 a.m. until supply runs out
1,100 doses available

ਇਨ੍ਹਾਂ ਤੋਂ ਇਲਾਵਾ ਬੁੱਧਵਾਰ ਤੋਂ ਨੌਰਥ ਯੌਰਕ ਵਿੱਚ ਡਾਊਨਜ਼ਵਿਊ ਅਰੇਨਾ ਵਿੱਚ ਵੀ ਪੌਪ ਅੱਪ ਕਲੀਨਿਕਸ ਪਰਤ ਰਹੇ ਹਨ। ਇਸ ਤੋਂ ਇਲਾਵਾ ਨੌਰਥ ਇਟੋਬੀਕੋ ਵਿੱਚ ਐਲਬੀਅਨ ਅਰੇਨਾ ਵਿੱਚ ਵੀ ਪੌਪ ਅੱਪ ਕਲੀਨਿਕਸ ਵਿੱਚ ਵੈਕਸੀਨੇਸ਼ਨ ਹੋਵੇਗੀ।

# ਇਟਲੀ ਵਿੱਚ ਰਹਿੰਦੇ ਭਾਰਤੀਆਂ ਲਈ ਵੀ ਕੋਰੋਨਾ ਨਾਲ ਮੁਸੀਬਤ

ਮਿਲਾਨ, 28 ਅਪਰੈਲ, (ਪੋਸਟ ਬਿਊਰੋ)- ਭਾਰਤ ਵਿੱਚ ਰਿਕਾਰਡ ਤੋੜ ਕੋਰੋਨਾ ਵਾਇਰਸ ਦੇ ਕੇਸਮਿਲਣ ਨਾਲ ਜਿੱਥੇ ਪੂਰੀ ਦੁਨੀਆ ਦੀ ਨਜ਼ਰ ਭਾਰਤ ਅਤੇ ਭਾਰਤੀਆਂ ਉੱਤੇ ਹੈ, ਓਦੋਂ ਇਟਲੀ ਦੇ ਲਾਸੀਓ ਰਾਜ ਵਿਚ 36 ਬੱਚਿਆਂ ਸਮੇਤ 300 ਦੇ ਕਰੀਬ ਭਾਰਤੀਆਂ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਹੋਣ ਨਾਲ ਸਥਾਨਕ ਪ੍ਰਸ਼ਾਸਨ ਅਲਾਰਟ ਹੋ ਗਿਆ ਅਤੇ ਇਟਾਲੀਅਨ ਮੀਡੀਆ ਵਿਚ ਇਹ ਖ਼ਬਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਅਖ਼ਬਾਰੀ ਰਿਪੋਰਟਾਂ ਮੁਤਾਬਕ ਕੋਰੋਨਾ ਵਾਇਰਸ ਦਾ ਦੂਸਰਾ ਭਿਆਨਕ ਰੂਪ ਭਾਰਤ ਤੋਂ ਇਟਲੀ ਵਿਚਜਾ ਚੁੱਕਾ ਹੈ। ਓਥੇ ਲਾਤੀਨਾ ਤੇ ਆਸ-ਪਾਸ ਦੇ ਇਲਾਕਿਆ ਵਿਚ 15 ਹਜ਼ਾਰ ਦੇ ਕਰੀਬ ਭਾਰਤੀ ਰਹਿੰਦੇ ਹਨ, ਜੋ ਖੇਤੀ ਫਾਰਮਾਂ ਤੇ ਦੁੱਧ ਦੀਆਂ ਡੇਅਰੀਆਂ ਉੱਤੇ ਕੰਮ ਕਰਦੇ ਹਨ। ਇਨ੍ਹਾਂ ਦਾ ਛੇਤੀ ਕਰੋਨਾ ਟੈਸਟ ਕਰਾਉਣ ਦੀ ਮੰਗ ਕੀਤੀ ਜਾਣ ਲੱਗੀ ਹੈ, ਕਿਉਂਕਿ ਪਿਛਲੇ ਦਿਨੀਂ ਭਾਰਤ ਤੋਂ ਇਟਲੀ ਆਏਲੋਕਾਂ ਤੋਂ ਕੋਰੋਨਾ ਫੈਲਣ ਦਾ ਡਰ ਹੈ। ਦੂਜੇ ਪਾਸੇ ਲਾਤੀਨਾ ਜ਼ਿਲ੍ਹੇ ਦੇ ਇੱਕ ਸ਼ਹਿਰ ਵਿੱਚ 32 ਭਾਰਤੀ ਪਰਿਵਾਰਾਂ ਦੇ ਲੋਕ ਕੋਰੋਨਾ ਪਾਜ਼ੇਟਿਵ ਮਿਲੇ ਹਨ। ਜਿਨ੍ਹਾਂ ਭਾਰਤੀਆਂ ਦੀਆਂ ਕੋਰੋਨਾ ਰਿਪੋਰਟਾਂ ਪਾਜ਼ੇਟਿਵ ਹਨ, ਉਨ੍ਹਾਂ ਨੂੰ ਆਪੋ-ਆਪਣੇ ਘਰ ਕੁਆਰੰਟਰੀਨ ਲਈ ਕਿਹਾ ਗਿਆ ਹੈ। ਇਟਲੀ ਦੀ ਇਕ ਕੌਮੀ ਅਖ਼ਬਾਰ ਨੇ ਪੰਜਾਬੀਆਂ ਦੇ ਵੱਡੇ ਇਕੱਠ ਦੀ ਪੁਰਾਣੀ ਫੋਟੋ ਛਾਪਕੇ 300 ਸਿੱਖਾਂ ਦੇ ਕਰੋਨਾ ਪਾਜ਼ੇਟਿਵ ਹੋਣ ਦੀ ਖ਼ਬਰ ਦਿੱਤੀ ਹੈ, ਜਿਸ ਤੋਂਸਾਫ ਹੈ ਕਿ ਇਟਲੀ ਪੁਲਿਸ ਇਲਾਕੇ ਵਿੱਚ ਭਾਰਤੀ ਭਾਈਚਾਰੇ ਦੇ ਧਾਰਮਿਕ ਸਥਾਨਾਂ ਨੂੰ ਵੀ ਸ਼ੱਕ ਦੇ ਘੇਰੇ ਹੇਠ ਲੈ ਕੇ ਜਾਂਚ ਕਰ ਸਕਦੀ ਹੈ।ਉੱਤਰੀ ਇਟਲੀ ਦੇ ਵੈਨਤੋ ਰਾਜ ਦੇ ਜ਼ਿਲ੍ਹਾ ਵਿਚੈਂਸਾ ਦੇ ਪਿੰਡ ਵਸਾਨੋ ਵਿੱਚਵੀ ਇੱਕ ਪਰਿਵਾਰ ਦੇ ਪਿਤਾ ਅਤੇ ਧੀ ਨਵੇਂ ਭਾਰਤੀ ਵਾਇਰਸ ਦੀ ਲਪੇਟ ਵਿੱ-ਚਆਏ ਪਤਾ ਲੱਗੇ ਹਨ।

ਇਟਲੀ ਦੇ ਸਿਹਤ ਮੰਤਰੀ ਰੋਬੈਰਤੋ ਸੰਪੇਰੰਜਾ ਨੇ ਸੋਸ਼ਲ ਮੀਡੀਆ ਉੱਤੇਕਿਹਾ ਕਿ ਭਾਰਤ ਵਿਚ ਲਗਾਤਾਰ ਵਧੇ ਕੇਸਾਂ ਕਾਰਨ ਅਸੀਂਏਥੇ ਆਉਂਦੇ ਭਾਰਤੀ ਮੁਸਾਫਰਾਂ ਉੱਤੇ ਚੌਦਾਂ ਦਿਨ ਦੇ ਕੁਆਰੰਟੀਨ ਦੀ ਪਾਬੰਦੀ ਲਾਈ ਹੈ। ਜਿਹੜੇ ਲੋਕ ਇਟਲੀ ਦੇ ਨਾਗਰਿਕ ਹਨ, ਉਹ ਇਟਲੀ ਵਾਪਸ ਆ ਸਕਦੇ ਹਨ, ਉਨ੍ਹਾਂ ਕੋਲ ਕੋਰੋਨਾ ਵਾਇਰਸ ਦੀ ਨੈਗੇਟਿਵ ਰਿਪੋਰਟ ਚਾਹੀਦੀ ਹੈ ਤੇ ਇਟਲੀ ਆ ਕੇ 14 ਦਿਨ ਕੁਆਰੰਟੀਨ ਹੋਣਾ ਹੋਵੇਗਾ, ਕਿਉਂਕਿ ਭਾਰਤ ਵਿਚ ਨਵੇਂ ਕੋਰੋਨਾ ਦੇ ਕੇਸ ਰਿਕਾਰਡ ਗਿਣਤੀ ਵਿੱਚ ਮਿਲ ਰਹੇ ਹਨ।















# ਡੇਟਨ ਵਿੱਚ ਵੀ ਜਾਹੋ ਜਲਾਲ ਨਾਲ ਮਨਾਇਆ ਗਿਆ ਖਾਲਸੇ ਦਾ ਜਨਮ ਦਿਹਾੜਾ











ਬੀਤੇ ਦਿਨੀਂ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਾਂਗ ਓਹਾਇਓ ਸੂਬੇ ਦੇ ਸ਼ਹਿਰ ਡੇਟਨ ਦੀ ਪੰਜਾਬੀ ਕਮਿਊਨਿਟੀ ਵਲੋ ਰਲ ਮਿਲ ਕੇ ਗੁਰਦੁਆਰਾ ਸਿੱਖ ਸੋਸਾਇਟੀ ਆਫ ਡੇਟਨ ਵਿਖੇ ਵੱਖ ਵੱਖ ਤਰਾਂ ਦੇ ਪ੍ਰੋਗਰਾਮ ਕਰਕੇ ਬਹੁਤ ਜਾਹੋ ਜਲਾਲ ਨਾਲ ਖਾਲਸੇ ਦਾ ਜਨਮ ਦਿਹਾੜਾ ਵਿਸਾਖੀ ਮਨਾਇਆ ਗਿਆ । ਵਿਸਾਖੀ ਵਾਲੇ ਹਫ਼ਤੇ ਦਿਨ ਸ਼ੁੱਕਰਵਾਰ ਦੀ ਚੜਦੀ ਸਵੇਰ ਨਾਲ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦੇ ਅਖੰਡ ਪਾਠ ਅਰੰਭ ਕੀਤੇ ਗਏ । ਪੂਰਾ ਦਿਨ ਬਾਣੀ ਰਸ ਦੇ ਨਾਲ ਨਾਲ ਆਉਣ ਵਾਲ਼ੀਆਂ ਸੰਗਤਾਂ ਨੂੰ ਕਈ ਪ੍ਰਕਾਰ ਦੇ ਸੁਆਦੀ ਲੰਗਰ ਵੀ ਵਰਤਦੇ ਰਹੇ ਅਤੇ ਦੇਰ ਰਾਤ ਤੱਕ ਸੰਗਤਾਂ ਗੁਰੂ-ਘਰ ਦੀ ਹਾਜ਼ਰੀ ਭਰਦੀਆਂ ਰਹੀਆਂ । ਦੂਸਰੇ ਦਿਨ ਦੀ ਸੁਰੂਆਤ ਹੁੰਦਿਆਂ ਹੀ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੀ ਵੱਢੀ ਤਾਦਾਦ ਨਾਲ ਰੌਣਕਾਂ ਲੱਗਣੀਆਂ ਸ਼ੁਰੂ ਹੋ ਗਈਆਂ ਅਤੇ ਨਾਲ ਹੀ ਗੁਰੂ-ਘਰ ਵਿਖੇ ਨਵੇ ਬਣੇ ਗੁਰੂ ਨਾਨਕ ਰਸੋਈ ਘਰ ਵਿੱਚੋਂ ਵੱਖ ਵੱਖ ਤਰਾਂ ਦੇ ਪਕਵਾਨਾਂ ਦੀਆਂ ਸੁਗੰਧੀਆਂ ਨਾਲ ਆਲਾ-ਦੁਆਲਾ ਵੀ ਮਹਿਕ ਉੱਠਿਆ । ਗੁਰਦੁਆਰਾ ਸਾਹਿਬ ਦੇ ਆਲੇ ਦੁਆਲੇ ਦੀ ਸਫਾਈ ਤੋਂ ਬਾਅਦ ਸ਼ਾਮ ਨੂੰ ਛੇਵੇਂ ਗੁਰੂ ਸਾਹਿਬਾਨ ਵੱਲੋਂ ਸਿੱਖੀ ਨੂੰ ਬਖ਼ਸ਼ਿਸ਼ ਗੁਰ-ਦੁਆਰੇ ਦੀ ਪਹਿਚਾਣ ਨਿਸ਼ਾਨ ਸਾਹਿਬ ਨੂੰ ਨਵੇ ਬਾਣੇ ਵਿੱਚ ਸਜਾਇਆਂ ਗਿਆ । ਇਸੇ ਤਰਾਂ ਦੇਰ ਰਾਤ ਤੱਕ ਸੰਗਤਾਂ ਦੀ ਆਵਾਜਾਈ ਚੱਲਦੀ ਰਹੀ ਅਤੇ ਗੁਰੂ ਕੀ ਬਾਣੀ ਸੰਗਤਾਂ ਦੇ ਕੰਨਾ ਵਿੱਚ ਮਿੱਠਾ ਰਸ ਘੋਲਦੀ ਨਿਰੰਤਰ ਚੱਲ ਰਹੀ ਸੀ । ਫਿਰ ਆਇਆ ਉਹ ਦਿਨ ਜਿਸਦੀ ਸੰਗਤਾਂ ਨੂੰ ਪਿਛਲੇ ਸਾਲ ਤੋਂ ਹੀ ਬੇਸਬਰੀ ਨਾਲ ਉਡੀਕ ਸੀ । ਕਿਉਂਕਿ ਪਿਛਲੇ ਸਾਲ ਦੇ ਸ਼ੁਰੂ ਵਿੱਚ ਫੈਲੀ ਭਿਆਨਕ ਬੀਮਾਰੀ ਕਾਰੋਨਾ ਕਾਰਨ ਸਾਰੇ ਸੰਸਾਰ ਦੀ ਗਤੀ ਵਿਧੀ ਤੇ ਰੋਕ ਲੱਗਣ ਨਾਲ ਅਸੀਂ ਬਹੁਤ ਸਾਰੇ ਦਿਨ ਤਿਉਹਾਰਾਂ ਤੋਂ ਵਾਂਝੇ ਰਹਿ ਗਏ ਸਾਂ । ਇਸ ਲਈ ਐਤਵਾਰ ਦੀ ਸਵੇਰ ਹੁੰਦਿਆਂ ਹੀ ਸੰਗਤਾਂ ਦੇ ਉਤਸ਼ਾਹ ਦਾ ਸਮੁੰਦਰ ਗੁਰਦੁਆਰਾ ਸਾਹਿਬ ਦੇ ਅੰਦਰ ਬਾਹਰ ਠਾਠਾਂ ਮਾਰਦਾ ਦਿਖਾਈ ਦੇ ਰਿਹਾ ਸੀ । ਤਕਰੀਬਨ ਦਸ ਵਜੇ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦੇ ਅਖੰਡ ਪਾਠ ਸਾਹਿਬ ਸੰਪੂਰਨ ਹੋਏ ਅਤੇ ਚਾਹ ਨਾਸ਼ਤਾ ਕਰਕੇ ਸੰਗਤਾਂ ਬਾਹਰ ਕਾਰ ਪਾਰਕਿੰਗ ਵਿੱਚ ਇਕੱਤਰ ਹੋਣੀਆਂ ਸ਼ੁਰੂ ਹੋ ਗਈਆਂ ਜਿੱਥੇ ਜਲੌਅ (ਜਲੂਸ) ਸਜਾਏ ਜਾ ਰਹੇ ਸਨ । ਜਿਸਦਾ ਪ੍ਰੋਗਰਾਮ ਭਾਵੇਂ ਪਿਛਲੀ ਰਾਤ ਨੂੰ ਹੀ ਉਲੀਕਿਆ ਗਿਆ ਸੀ ਪਰੰਤੂ ਕੇਸਰੀ, ਪੀਲੇ ਅਤੇ ਹੋਰ ਕਈ ਰੰਗਾਂ ਦੀਆਂ ਪੱਗਾਂ ਅਤੇ ਦੁਪੱਟਿਆਂ ਨਾਲ ਕਾਰ ਪਾਰਕਿੰਗ ਫੁੱਲਾਂ ਦੇ ਕਿਆਰੇ ਵਾਂਗ ਸਜਿਆ ਪਿਆ ਸੀ । ਸਤਿਨਾਮ ਵਾਹਗੁਰੂ ਦੀ ਆਵਾਜ ਕੰਨਾ ਵਿੱਚ ਪੈਂਦਿਆਂ ਸੰਗਤਾਂ ਸਾਵਧਾਨ ਹੋ ਗਈਆਂ ਅਤੇ ਗੁਰੂ ਸਾਹਿਬ ਜੀ ਨੂੰ ਪਾਲਕੀ ਵਿੱਚ ਸਵਾਰ ਕਰਕੇ ਪੰਜ ਪਿਆਰਿਆਂ ਅਤੇ ਨਿਸ਼ਾਨਚੀ ਸਿੰਘਾਂ ਨੇ ਜਲੌਅ (ਜਲੂਸ) ਨੂੰ ਅਗਵਾਈ ਦਿੱਤੀ । ਬੱਚਿਆਂ ਨੇ ਗੁਰੂ ਦੀ ਹਜੂਰੀ ਵਿੱਚ ਕੀਰਤਨ ਕਰਨਾ ਸ਼ੁਰੂ ਕੀਤਾ ਤਾਂ ਨਾਲ ਹੀ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਆਵਾਜ ਗੂੰਜਣ ਲੱਗੀ । ਤਕਰੀਬਨ ਪੰਜਤਾਲੀ ਮਿੰਟ ਵਿੱਚ ਸਾਰੀ ਕਾਰ ਪਾਰਕਿੰਗ ਦਾ ਚੱਕਰ ਸੰਗਤਾਂ ਦੇ ਵੱਡੇ ਇਕੱਠ ਨੇ ਗੁਰੂ ਸਾਹਿਬ ਜੀ ਦੀ ਪਾਲਕੀ ਦੇ ਨਾਲ ਚੱਲ ਕੇ ਅਤੇ ਬੱਚਿਆਂ ਨੇ ਟ੍ਰਾਲੀ ਤੇ ਬੈਠ ਕੇ ਪੂਰਾ ਕੀਤਾ । ਇਸ ਰੌਣਕ ਭਰੇ ਮਾਹੌਲ ਨੂੰ ਏ ਐਂਡ ਏ ਫੋਟੋਗ੍ਰਾਫਰ ਸ਼ੁਨੀਲ ਮੱਲੀ ਨੇ ਆਪਣੇ ਕੈਮਰੇ ਵਿੱਚ ਦਰਜ ਕੀਤਾ । ਦਰਬਾਰ ਸਾਹਿਬ ਵਿੱਚ ਦੀਵਾਨ ਦੀ ਹਾਜ਼ਰੀ ਭਰਦਿਆਂ ਭਾਈ ਮਨਜੀਤ ਸਿੰਘ ਇੰਡਆਨਾ ਅਤੇ ਮੁੱਖ ਗ੍ਰੰਥੀ ਭਾਈ ਹੇਮ ਸਿੰਘ ਜੀ ਨੇ ਸ਼ਬਦ ਵਿਚਾਰ ਰਾਹੀਂ ਖਾਲਸਾ ਦਿਵਸ ਦਾ ਮਹੱਤਵ ਸੰਗਤਾਂ ਨੂੰ ਸ਼੍ਰਵਣ ਕਰਵਾਇਆ ਉਪਰੰਤ ਢਾਡੀ ਜਗਸੀਰ ਸਿੰਘ ਅਤੇ ਸਾਥੀਆਂ ਨੇ ਸਟੇਜ ਸੰਭਾਲ਼ੀ ਅਤੇ ਢੱਡ ਸਾਰੰਗੀ ਨਾਲ ਵਾਰਾਂ ਗਾ ਕੇ ਸੰਗਤਾਂ ਵਿੱਚ ਬੀਰ-ਰਸ ਭਰ ਦਿੱਤਾ । ਸਮੇਂ ਦੀ ਨਬਜ਼ ਨੂੰ ਕਾਬੂ ਕਰਦਿਆਂ ਪ੍ਰਬੰਧਕ ਸੇਵਾਦਾਰਾਂ ਨੇ ਖਾਲਸਾ ਸਾਜਨਾਂ ਦਿਵਸ ਦੀ ਵਧਾਈ ਦਿੱਤੀ ਸੰਗਤ ਅਤੇ ਬਾਕੀ ਸੇਵਾਦਾਰਾਂ ਦਾ ਧੰਨਵਾਦ ਕੀਤਾ । ਡਾ: ਦਰਸ਼ਨ ਸਿੰਘ ਸਹਿਬੀ ਨੇ ਸੰਗਤ ਲਈ ਚਲਾਈ ਜਾ ਰਹੀ ਫ੍ਰੀ ਡਿਸਪੈਂਸਰੀ ਵਾਰੇ ਜਾਣਕਾਰੀ ਦਿੱਤੀ । ਉਪਰੰਤ ਸਮਾਪਤੀ ਅਰਦਾਸ ਵਿੱਚ ਇੰਡਆਨਾ ਸੂਬੇ ਦੇ ਸ਼ਹਿਰ ਫੇਅਰ ਫ਼ੈਕਸ ਵਿੱਚ ਵਾਪਰੀ ਦੁਖਦਾਈ ਘਟਨਾ ਵਿੱਚ ਮਾਰੇ ਗਏ ਵਿਆਕਤੀਆਂ ਦੀ ਆਤਮਿਕ ਸ਼ਾਂਤੀ ਦੀ ਅਰਦਾਸ ਕੀਤੀ ਗਈ ਅਤੇ ਸੰਗਤ ਨੂੰ ਲੰਗਰ ਛਕਾਏ ਗਏ ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** | Aman Warraich |
| **Marketing:** | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਫਰੀ ਪਿਕਅਪ
Best Rates For Lessons

ਲੇਡੀਜ਼ ਇਨਸਟ੍ਰਕਟਰ
647-998-7500 ਬਲਵਿੰਦਰ

Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Natasha Mahal
Co-Host
Iqbal Mahal
Producer & Host
Serving the South Asian Community Since 1976

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre

- AZ Tractor trailer program
- Manual transmission & backup training everyday
- We welcome welfare workers & compensation clients


Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?


ਗਿਆਨ ਗੰਗਾ

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best


FOR SALE
EXCLUSIVE FOR SALE IN WOODSTOCK
CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'


FOR SALE
EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'

3+1 bdrms with finished Basement

FOR SALE
Kamal Sandhu 647-891-0143
Re/Max Gold Realty Inc Brokerage
Just listed for sale on MLS, 5 Sedgegrass way Brampton

KAMAL SANDHU RE/MAX GOLD REALTY INC BROKERAGE

# ਬਚਪਨ ਦੀ ਖ਼ੂਬਸੂਰਤ ਯਾਦਾਂ 'ਚ ਇੱਕ ਯਾਦ ਫੱਟੀ




ਵਨਜੋਤ ਕੌਰ ਸਿੱਧੂ ਰਾਵੀ

'ਸੂਰਜਾ-ਸੂਰਜਾ ਫੱਟੀ ਸੁਕਾ,
ਨਹੀਂ ਸੁਕਾਉਣੀ ਗੰਗਾ ਜਾ,
ਗੰਗਾ ਜਾ ਕੇ ਪਿੰਨੀਆਂ ਵਟਾ,
ਇੱਕ ਪਿੰਨੀ ਟੁੱਟ ਗਈ ਸਾਰੀ
ਫੱਟੀ ਸੁੱਕ ਗਈ।

ਇਹ ਸਤਰਾਂ ਫੱਟੀ ਦੀ ਯਾਦ ਤਾਜ਼ਾ ਕਰ ਦਿੰਦੀਆਂ ਹੈ। ਫੱਟੀ ਦਾ ਨਾਂਅ ਜ਼ਹਿਨ ਵਿਚ ਆਉਂਦਿਆਂ ਹੀ ਕਈਆਂ ਨੂੰ ਆਪਣਾ ਬਚਪਨ ਤੇ ਉਸ ਬਚਪਨ ਦੀ ਖ਼ੁਸ਼ਬੂ ਯਾਦ ਤਾਜ਼ਾ ਹੋ ਗਈਆਂ ਹੋਣੀਆਂ। ਫੱਟੀ ਮਹਿਜ਼ ਲੱਕੜ ਦਾ ਟੋਟਾ ਨਹੀਂ ਸਗੋਂ ਸਿੱਖਿਆ ਦੀ ਦੁਨੀਆ ਵਿੱਚ ਰੱਖਿਆ ਪਹਿਲਾ ਕਦਮ ਹੁੰਦਾ ਸੀ। ਜਦੋਂ ਕਾਪੀ ਪੈਂਸਲਾਂ ਨਾਲ ਨਾਤਾ ਨਹੀਂ ਜੁੜਿਆ ਸੀ, ਉਦੋਂ ਫੱਟੀ ਤੇ ਕਲਮ ਨਾਲ ਲਿਖਣਾ ਕਿਸੇ ਰੋਮਾਂਚ ਤੋਂ ਘੱਟ ਨਹੀਂ ਹੁੰਦਾ ਸੀ। ਉਸਤੋਂ ਵੀ ਵੱਧ ਮਜੇਦਾਰ ਹੁੰਦਾ ਸੀ ਫੱਟੀ ਨੂੰ ਲਿੱਖਣ ਲਈ ਤਿਆਰ ਕਰਨ ਦਾ ਤਰੀਕਾ , ਗਾਚਨੀ ਨਾਲ ਫੱਟੀ ਪੋਚਣੀ, ਧੁੱਪ ਵਿਚ ਹਿਲਾ-ਹਿਲਾ ਕੇ ਸੁਕਾਉਣੀ, ਕਾਨਿਆਂ ਦੀ ਵਰਤੋਂ ਕਰ ਕੇ ਬਲੇਡ ਜਾਂ ਚਾਕੂ ਨਾਲ ਕਲਮ ਬਣਾਉਣੀ ਤੇ ਕਾਲੀ ਸਿਆਹੀ ਦੇ ਛੋਟੇ-ਛੋਟੇ ਪੈਕਟ ਦਵਾਤ ਵਿਚ ਪਾ ਕੇ ਪਾਣੀ ਮਿਲਾ ਕੇ ਸਿਆਹੀ ਤਿਆਰ ਕਰਨੀ ਤੇ ਕਈ ਵਾਰ ਸਿਆਹੀ ਨੂੰ ਗੂੜ੍ਹੀ ਬਣਾਉਣ ਲਈ ਉਸ ਵਿਚ ਛੋਟੀ ਜਿਹੀ ਗੁੜ ਦੀ ਡਲੀ ਪਾ ਦੇਣੀ। ਫੱਟੀਆਂ ਸੁੱਕ ਜਾਣ ਉਤੇ ਮਾਸਟਰ ਜੀ ਉਨ੍ਹਾਂ ਉੱਪਰ ਪੈਨਸਲ ਨਾਲ ਸਿੱਧੀਆਂ ਲਕੀਰਾਂ ਮਾਰ ਦਿੰਦੇ ਸਨ ਤੇ ਫਿਰ ਖ਼ਾਨਿਆਂ ਵਿਚ ਟੋਕਵੀਂ ਗਿਣਤੀ ਤੇ ਟੋਕਵੇਂ ਸ਼ਬਦ, ਸੁੰਦਰ ਲਿਖਾਈ ਜਾਂ ਸਕੂਲ ਦਾ ਕੰਮ ਕਰਵਾਉਂਦੇ ਹੁੰਦੇ ਸਨ।

ਫੱਟੀ ਲਕੜ ਤੋਂ ਬਣੀ ਹੁੰਦੀ ਹੈ। ਇਸਦਾ ਆਕਾਰ ਚੌਰਸ ਅਤੇ ਇਸਨੂੰ ਫੜਨ ਲਈ ਇਸਦੇ ਇੱਕ ਪਾਸੇ ਲਕੜ ਦੀ ਹੱਥੀਂ ਬਣੀ ਹੁੰਦੀ ਹੈ।



ਕੁੱਝ ਵਰ੍ਹੇ ਪਹਿਲਾਂ ਤਕ ਪ੍ਰਾਇਮਰੀ ਸਕੂਲਾਂ ਵਿਚ ਬੱਚੇ ਖ਼ੁਸ਼ੀ-ਖ਼ੁਸ਼ੀ ਫੱਟੀਆਂ, ਕਲਮਾਂ ਤੇ ਸਿਆਹੀ ਦੀਆਂ ਦਵਾਤਾਂ ਦੀ ਵਰਤੋਂ ਕਰਦੇ ਹੁੰਦੇ ਸਨ। ਫੱਟੀ ਨੂੰ ਸਕੂਲ ਦੇ ਨੇੜੇ ਚਲਦੇ ਖ਼ਾਲੇ ਜਾਂ ਹੋਰ ਪਾਣੀ ਦੇ ਸੋਮੇ ਕੋਲ ਜਾ ਕੇ ਸਾਰੇ ਬੱਚੇ ਜਮਾਤ ਅਨੁਸਾਰ ਫੱਟੀਆਂ ਧੋ ਲੈਂਦੇ ਸਨ। ਸਚਮੁੱਚ ਫੱਟੀ, ਕਲਮ ਤੇ ਦਵਾਤ ਨਾਲ ਲਿਖੀ ਸੁੰਦਰ ਲਿਖਾਈ ਤੇ ਬਣੀ ਬਣਤਰ ਦੀ ਰੀਸ ਨਹੀਂ ਸੀ ਹੁੰਦੀ। ਉਦੋਂ ਸਕੂਲਾਂ ਵਿਚ ਅੱਜ ਵਾਂਗ ਬੱਚਿਆਂ ਨੂੰ ਦੁਪਹਿਰ ਦਾ ਭੋਜਨ ਨਹੀਂ ਸੀ ਮਿਲਦਾ ਹੁੰਦਾ ਸਗੋਂ ਖਾਣ ਵਾਲੀ ਪੰਜੀਰੀ ਮਿਲਦੀ ਹੁੰਦੀ ਸੀ। ਛੁੱਟੀ ਹੋਣ ਵੇਲੇ ਇਸੇ ਫੱਟੀ ਉਤੇ ਦੋ-ਦੋ, ਤਿੰਨ-ਤਿੰਨ ਮੁੱਠਾਂ ਪੰਜੀਰੀ ਪਾ ਕੇ ਬੱਚੇ ਪੰਜੀਰੀ ਖਾਂਦੇ-ਖਾਂਦੇ ਖ਼ੁਸ਼ੀ-ਖ਼ੁਸ਼ੀ ਘਰਾਂ ਨੂੰ ਜਾਂਦੇ ਹੁੰਦੇ ਸਨ।

ਫੱਟੀ ਨਾਲ ਸਾਡੀਆਂ ਧਾਰਮਿਕ ਭਾਵਨਾਵਾਂ ਵੀ ਜੁੜੀਆਂ ਹੋਈਆਂ ਹਨ। ਕਹਿੰਦੇ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਪੰਡਤ ਕੋਲ ਪੜ੍ਹਨ ਲਈ ਗਏ ਸਨ, ਤਾਂ ਉਨ੍ਹਾਂ ਕੋਲ ਫੱਟੀ ਸੀ ਜਿਸ ਤੇ ਉਨ੍ਹਾਂ ਓਮ ਦੇ ਅੱਗੇ ਇੱਕ ਲਗਾ ਕੇ ਇੱਕ ਓਂਕਾਰ ਲਿੱਖਿਆ ਸੀ।

ਅੱਜ ਸਮਾਂ ਬਦਲ ਚੁਕਾ ਹੈ, ਅੱਜ ਬੱਚਿਆਂ ਦੇ ਬਸਤੇ ਮੋਟੀਆਂ-ਮੋਟੀਆਂ ਕਿਤਾਬਾਂ, ਕਾਪੀਆਂ ਤੇ ਭਾਂਤ-ਭਾਂਤ ਦੀ ਲਿਖਣ ਸਮੱਗਰੀ ਮਿਲਦੀ ਹੈ। ਫੱਟੀ ਵਾਰੇ ਤਾਂ ਅੱਜ ਜੇ ਬੱਚਿਆਂ ਨੂੰ ਪਤਾ ਹੀ ਨਹੀ ਕੀ ਫੱਟੀ ਹੁੰਦੀ ਕੀ ਹੈ। ਫੱਟੀ, ਕਲਮ ਤੇ ਦਵਾਤ ਦੀ ਮਨੁੱਖ ਦੇ ਜੀਵਨ ਵਿਚ ਬਹੁਤ ਅਹਿਮੀਅਤ ਰਹੀ ਹੈ।ਪਰ ਜਿਨ੍ਹਾਂ ਪੰਜਾਬੀਆਂ ਨੇ ਇਸਦਾ ਇਸਤੇਮਾਲ ਕੀਤਾ ਹੈ ਉਨ੍ਹਾਂ ਦੇ ਦਿਲਾਂ ਅਤੇ ਯਾਦਾਂ 'ਚ ਅੱਜ ਵੀ ਵੱਸਦੀ ਹੈ ਫੱਟੀ। ਸਾਨੂੰ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਇਸ ਵਿਰਸੇ ਤੋਂ ਜ਼ਰੂਰ ਜਾਣੂ ਕਰਵਾਈਏ।

ਸੂਰਜਾ ਸੂਰਜਾ ਫੱਟੀ ਸੁਕਾ,
ਨਹੀਂ ਸੁਕਾਉਣੀ ਬੰਬੇ ਜਾਹ,
ਬੰਬੇ ਜਾ ਕੇ ਰੇਲ ਚਲਾ,
ਰੇਲ ਗਈ ਟੁੱਟ,
ਫੱਟੀ ਗਈ ਸੁੱਕ।

ਵਨਜੋਤ ਕੌਰ ਸਿੱਧੂ ਰਾਵੀ
ਪਿੰਡ ਜੱਬੋਵਾਲ, ਸ਼ਹੀਦ ਭਗਤ ਸਿੰਘ ਨਗਰ

# ਧਿਆਨ ਮੰਗਦਾ ਬਚਪਨ



ਹਰਕੀਰਤ ਕੌਰ
9779118066

ਜ਼ਿੰਦਗੀ ਦੇ ਹਰ ਪੜਾਅ ਦੀ ਆਪਣੀ ਇੱਕ ਮਹੱਤਤਾ ਹੈ। ਪਰ ਜ਼ਿੰਦਗੀ ਦਾ ਸਭ ਤੋਂ ਅਣਮੁੱਲਾ ਸਫ਼ਰ ਬਚਪਨ ਦਾ ਹੁੰਦਾ ਹੈ। ਜਿਸ ਵਿੱਚ ਕੋਈ ਫ਼ਿਕਰ, ਚਿੰਤਾ, ਡਰ ਨਹੀਂ ਹੁੰਦਾ। ਕਿਸੇ ਨਾਲ ਕੋਈ ਰੰਜਿਸ਼ ਨਹੀਂ ਹੁੰਦੀ। ਕੋਈ ਬਹੁਤੀਆਂ ਖਵਾਹਿਸ਼ਾ ਵੀ ਨਹੀਂ ਹੁੰਦੀਆਂ। ਕਿਸੇ ਵੱਲੋਂ ਦਿੱਤਾ ਇੱਕ ਰੁਪਇਆ ਵੀ ਅਜਿਹੀ ਖ਼ੁਸ਼ੀ ਦੇ ਜਾਂਦਾ ਜਿਸ ਦੀ ਕੋਈ ਸੀਮਾ ਨਾ ਹੁੰਦੀ। ਬਚਪਨ ਹੈ ਹੀ ਏਨਾ ਪਿਆਰਾ। ਪਰ ਜੇਕਰ ਦੇਖਿਆ ਜਾਵੇ ਤਾਂ ਬਚਪਨ ਨੀਂਹ ਪੱਥਰ ਵੀ ਹੈ। ਜੀਵਨ ਦਾ ਅਧਾਰ ਵੀ ਹੈ ਬਚਪਨ। ਇੱਕ ਬੱਚਾ ਜਦੋਂ ਤੋਂ ਹੋਸ਼ ਸੰਭਾਲਦਾ ਹੈ , ਉਦੋਂ ਤੋਂ ਉਹ ਆਪਣੇ ਆਲੇ ਦੁਆਲੇ ਦਾ ਪ੍ਰਭਾਵ ਕਬੂਲਣ ਲੱਗਦਾ ਹੈ। ਉਸਦੇ ਇਰਦ ਗਿਰਦ ਘਟਨ ਵਾਲੀ ਹਰ ਘਟਨਾ ਦਾ ਉਸ ਉੱਪਰ ਬਹੁਤ ਤੀਬਰ ਅਸਰ ਹੁੰਦਾ ਹੈ।ਮੈਂ ਅਕਸਰ ਸੋਚਦੀ ਹੁੰਦੀ ਹਾਂ ਕਿ ਕਈ ਬਿੱਲਕੁਲ ਛੋਟੀ ਉਮਰ ਦੇ ਬੱਚੇ ਗਾਲ੍ਹਾਂ ਕੱਢਦੇ ਹੁੰਦੇ ਹਨ, ਉਸ ਸਮੇਂ ਮੇਰੀ ਹੈਰਾਨਗੀ ਦੀ ਕੋਈ ਸੀਮਾ ਨਹੀਂ ਰਹਿੰਦੀ ਜਦੋਂ ਮਾਪਿਆਂ ਵੱਲੋਂ ਬੱਚਿਆਂ ਨੂੰ ਰੋਕਣ ਟੋਕਣ ਦੀ ਬਜਾਇ ਅੱਗੋਂ ਹੱਸ ਕੇ ਦਿਖਾਇਆ ਜਾਂਦਾ ਹੈ। ਬੱਚੇ ਨੂੰ ਸਹੀ ਗਲਤ ਦੀ ਕੋਈ ਸਮਝ ਨਹੀਂ ਹੁੰਦੀ, ਮਾਪਿਆਂ ਦੇ ਹਾਸੇ ਤੋਂ ਉਸਦੇ ਦਿਮਾਗ ਨੂੰ ਇਹ ਸੰਕੇਤ ਜਾਂਦਾ ਹੈ ਕਿ ਸ਼ਾਇਦ ਜੋ ਉਹ ਕਰ ਰਿਹਾ ਹੈ ਉਹ ਬਿਲਕੁਲ ਸਹੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਗਾਲ੍ਹਾਂ ਕੱਢਣਾ ਜਾਂ ਹੋਰ ਅਜਿਹੀਆਂ ਹਰਕਤਾਂ ਬੱਚੇ ਘਰ ਤੋਂ ਹੀ ਸਿਖਦੇ ਹਨ। ਬਚਪਨ ਇੱਕ ਸਾਚਾਂ ਹੈ, ਜਿਵੇਂ ਦੀ ਸੋਚ ਬਚਪਨ ਵਿੱਚ ਹੋਵੇਗੀ, ਭਵਿੱਖ ਵਿੱਚ ਬੱਚੇ ਦੀ ਸ਼ਖਸੀਅਤ ਉਸਦਾ ਹੀ ਨਤੀਜਾ ਹੋਵੇਗੀ। ਮਾਤਾ ਪਿਤਾ ਨੂੰ ਇੱਕ ਬੱਚੇ ਨੂੰ ਜਨਮ ਦੇਣ ਤੋਂ ਪਹਿਲਾਂ ਇਹ ਸੋਚ ਲੈਣਾ ਚਾਹੀਦਾ ਹੈ ਕਿ ਕੀ ਉਹ ਇੱਕ ਬੱਚੇ ਨੂੰ ਵਧੀਆ ਇਨਸਾਨ ਬਨਾਉਣ ਦੇ ਕਾਬਿਲ ਹਨ, ਕੀ ਉਹ ਆਪਣੇ ਬੱਚੇ ਦੀ ਅਜਿਹੀ ਪਰਵਰਿਸ਼ ਕਰਨ ਦੇ ਕਾਬਿਲ ਹਨ ਕਿ ਉਹ ਭਵਿੱਖ ਵਿੱਚ ਸਮਾਜ ਨੂੰ ਇੱਕ ਜ਼ਿੰਮੇਵਾਰ ਨਾਗਰਿਕ ਦੇਣਗੇ।

ਬਚਪਨ ਬਹੁਤ ਧਿਆਨ ਮੰਗਦਾ ਹੈ। ਮੈਂ ਅਕਸਰ ਔਲਾਦ ਹੱਥੋਂ ਦੁਖੀ ਮਾਪਿਆਂ ਨੂੰ ਕਹਿੰਦੇ ਸੁਣਿਆ ਹੈ ਕਿ ਅਸੀਂ ਆਪਣੇ ਬੱਚੇ ਦੀ ਪਰਵਰਿਸ਼ ਵਿੱਚ ਕੋਈ ਕਮੀ ਨਹੀਂ ਰਹਿਣ ਦਿੱਤੀ, ਪਰ ਫਿਰ ਵੀ ਸਾਡੇ ਨਾਲ ਇਸ ਤਰ੍ਹਾਂ ਦਾ ਵਿਵਹਾਰ ਹੋ ਰਿਹਾ। ਮੇਰਾ ਜਵਾਬ ਇਹ ਹੈ ਕਿ ਵਧੀਆ ਖਾਣ ਪਾਣ, ਸੁਖ ਸਹੂਲਤਾਂ ਮੁਹੱਈਆ ਕਰਵਾਉਣੀਆਂ ਹੀ ਸਹੀ ਪਰਵਰਿਸ਼ ਦੀਆਂ ਨਿਸ਼ਾਨੀਆਂ ਨਹੀਂ ਹਨ! ਬੱਚੇ ਨੂੰ ਸਹੀ ਗਲਤ ਵਿੱਚ ਅੰਤਰ ਸਮਝਾਉਣਾ, ਘਰ ਦਾ ਮਾਹੌਲ ਸਾਰਥਕ ਰੱਖਣਾ, ਬੱਚੇ ਨਾਲ ਸਮਾਂ ਬਿਤਾਉਣਾ, ਉਸਦੇ ਹਰ ਕਾਰ ਵਿਹਾਰ ਤੇ ਨਜ਼ਰ ਰੱਖਣੀ, ਗਲਤੀ ਤੇ ਝਿੜਕਣਾ ਅਤੇ ਸਹੀ ਹੋਣ ਤੇ ਉਸਦੇ ਪੱਖ ਵਿੱਚ ਖੜਨਾ, ਬੱਚੇ ਨੂੰ ਜ਼ਿੰਮੇਵਾਰ ਬਣਾਉਣ ਲਈ ਉਸਨੂੰ ਆਪਣੇ ਕੰਮ ਆਪ ਕਰਨ ਲਈ ਪ੍ਰੇਰਿਤ ਕਰਨਾ, ਔਰਤਾਂ ਦੀ ਇੱਜ਼ਤ ਕਰਨ ਦਾ ਸਬਕ ਦੇਣਾ ਅਜਿਹੀਆਂ ਬਹੁਤ ਛੋਟੀਆਂ ਛੋਟੀਆਂ ਗੱਲਾਂ ਹਨ ਜੋ ਧਿਆਨ ਦੇਣ ਹਿੱਤ ਹੁੰਦੀਆਂ ਹਨ। ਪਰੰਤੂ ਬਹੁਤ ਘੱਟ ਮਾਤਾ ਪਿਤਾ ਹਨ ਜੋ ਇਸਨੂੰ ਸਮਝਦੇ ਹਨ, ਕਿਉਂਕਿ ਮਾਪੇ ਆਪਣੀ ਜ਼ਿੰਦਗੀ ਵਿੱਚ ਹੀ ਏਨੇ ਵਿਅਸਤ ਹੋ ਚੁੱਕੇ ਹਨ ਕਿ ਉਨ੍ਹਾਂ ਕੋਲ ਆਪਣੇ ਬੱਚਿਆਂ ਨਾਲ ਸਮਾਂ ਬਿਤਾਉਣ ਦਾ ਵੀ ਸਮਾਂ ਨਹੀਂ ਹੈ।

ਬਚਪਨ ਇੱਕ ਬਿਲਕੁਲ ਛੋਟੇ ਪੌਦੇ ਵਰਗਾ ਹੈ, ਜਿਸ ਨੂੰ ਸ਼ੁਰੂਆਤ ਵਿੱਚ ਸਮੇਂ ਸਿਰ ਖਾਦ ਪਾਣੀ ਦੀ ਜਰੂਰਤ ਹੁੰਦੀ ਹੈ, ਜੇਕਰ ਸਮੇਂ ਸਿਰ ਪੌਦੇ ਨੂੰ ਧਿਆਨ ਨਾਲ ਖੁਰਾਕ ਮਿਲਦੀ ਰਹਿੰਦੀ ਹੈ ਤਾਂ ਸਮਾਂ ਪਾ ਕੇ ਉਸਦੀਆਂ ਜੜ੍ਹਾਂ ਬਹੁਤ ਮਜ਼ਬੂਤ ਹੋ ਜਾਂਦੀਆਂ ਹਨ , ਬਿਲਕੁਲ ਏਸੇ ਤਰ੍ਹਾਂ ਜੇਕਰ ਬਚਪਨ ਵਿੱਚ ਬੱਚੇ ਨੂੰ ਸਹੀ ਧਿਆਨ, ਸਾਰਥਕ ਵਾਤਾਵਰਣ, ਵਧੀਆ ਸੰਸਕਾਰ, ਸਹਿਯੋਗ ਮਿਲਦਾ ਰਹੇ ਤਾਂ ਭਵਿੱਖ ਵਿੱਚ ਸਮਾਜ ਨੂੰ ਇੱਕ ਜ਼ਿੰਮੇਵਾਰ ਨਾਗਰਿਕ ਮਿਲ ਜਾਂਦਾ ਹੈ। ਇੱਕ ਨਵਾਂ ਰੁਝਾਨ ਜੋ ਅੱਜਕੱਲ ਦੇ ਮਾਤਾ ਪਿਤਾ ਅਤੇ ਬੱਚਿਆਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ, ਉਹ ਬੱਚਿਆਂ ਨੂੰ ਮੋਬਾਈਲ ਫੋਨ ਦੀ ਚੇਟਕ ਲੱਗਣਾ। ਖਾਸ ਕਰ ਮਾਵਾਂ ਵੱਲੋਂ ਬੱਚੇ ਨੂੰ ਸਮਾਂ ਨਾ ਦੇਣਾ ਪਵੇ , ਉਹ ਬੱਚੇ ਨੂੰ ਮੋਬਾਈਲ ਫੋਨਾਂ ਦੇ ਸਹਾਰੇ ਛੱਡ ਦਿੰਦੀਆਂ ਹਨ, ਜੋ ਬੱਚੇ ਦੇ ਮਾਨਸਿਕ ਬੋਧਿਕ ਅਤੇ ਸਰੀਰਕ ਵਿਕਾਸ ਉੱਪਰ ਬਹੁਤ ਬੁਰਾ ਪ੍ਰਭਾਵ ਪਾਉਂਦਾ ਹੈ।

ਬਚਪਨ ਜ਼ਿੰਦਗੀ ਦਾ ਅਣਮੋਲ ਅਹਿਸਾਸ ਤੇ ਸਫ਼ਰ ਹੈ, ਇਸ ਵਿੱਚ ਪਦਾਰਥਾਂ ਜਾਂ ਸਹੂਲਤਾਂ ਤੋਂ ਬਿਨਾਂ ਗੁਜ਼ਾਰਾ ਹੋ ਸਕਦਾ ਹੈ,ਪਰ ਸਨੇਹ, ਸੰਸਕ-ਾਰ ਅਤੇ ਧਿਆਨ ਤੋਂ ਬਿਨਾਂ ਨਹੀਂ ਕਿਉਂਕਿ ਬਚਪਨ ਧਿਆਨ ਮੰਗਦਾ ਹੈ।

# ਕੀ ਭਾਰਤ ਵਿੱਚ 18 ਪਲੱਸ ਨੂੰ 1 ਮਈ ਤੋਂ ਟੀਕਾ ਲੱਗ ਸਕੇਗਾ

-ਵਿਜੇ ਵਿਦਰੋਹੀ-

ਇੱਕ ਮਈ ਤੋਂ ਭਾਰਤ ਵਿੱਚ ਕੋਰੋਨਾ ਦਾ ਟੀਕਾ ਲਾਉਣ ਦਾ ਪੂਰਾ ਅੰਦਾਜ਼ ਹੀ ਬਦਲ ਜਾਵੇਗਾ। 18 ਤੋਂ 45 ਸਾਲ ਉਪਰ ਵਰਗ ਨੂੰ ਵੀ ਟੀਕਾ ਲੱਗੇਗਾ। ਕੇਂਦਰ ਦਾ ਟੀਕਾ, ਰਾਜਾਂ ਦਾ ਟੀਕਾ, ਨਿੱਜੀ ਹਸਪਤਾਲਾਂ ਦਾ ਟੀਕਾ, ਉਸ ਉੱਤੇ ਸੀਰਮ ਇੰਸਟੀਚਿਊਟ ਦੇ ਟੀਕੇ ਦੇ ਭਾਅ ਵੱਖਰੇ, ਭਾਰਤ ਬਾਇਓਟੈਕ ਦੇ ਟੀਕੇ ਦੇ ਭਾਅ ਵੱਖਰੇ। ਕੁਲ ਮਿਲਾ ਕੇ ਸੂਬਾ ਸਰਕਾਰਾਂ ਉੱਤੇ ਆ ਜਾਵੇਗੀ ਟੀਕਾ ਖਰੀਦਣ ਤੇ ਉਸ ਦਾ ਨਿੱਜੀ ਖੇਤਰ ਵਿੱਚ ਬਟਵਾਰਾ ਕਰਨ ਦੀ ਜ਼ਿੰਮੇਵਾਰੀ। ਸਵਾਲ ਉਠਦਾ ਹੈ ਕਿ ਕੀ ਇੰਨੇ ਟੀਕੇ ਬਾਜ਼ਾਰ ਵਿੱਚ ਹਨ, ਜਿੰਨੇ ਟੀਕਿਆਂ ਦੇ ਲੋੜਵੰਦ ਹਨ? ਕੀ 18 ਪਲਸ ਨੂੰ ਟੀਕਾ ਲਾਉਣ ਦਾ ਕੰਮ 1 ਮਈ ਤੋਂ ਸ਼ੁਰੂ ਹੋ ਸਕੇਗਾ? ਦੇਸ਼ ਦੀ70 ਫ਼ੀਸਦੀ ਆਬਾਦੀ ਨੂੰ ਟੀਕਾ ਲੱਗਣ ਵਿੱਚ ਕਿੰਨੇ ਮਹੀਨੇ ਲੱਗਣਗੇ? ਜੇ ਤੁਸੀਂ 18 ਤੋਂ 45 ਸਾਲ ਉਮਰ ਵਰਗ ਵਿੱਚ ਹੋ ਤਾਂ 1 ਮਈ ਤੋਂ ਤੁਸੀਂ ਟੀਕੇ ਦੇ ਹੱਕਦਾਰ ਹੋ ਜਾਓਗੇ। ਹਾਂ, ਟੀਕਾ ਤੁਹਾਨੂੰ ਕਦੋਂ ਤੱਕ ਲੱਗ ਸਕੇਗਾ, ਇਹ ਕਹਿਣਾ ਮੁਸ਼ਕਲ ਹੈ। ਅਜਿਹਾ ਜਾਪ ਰਿਹਾ ਹੈ ਕਿ ਇਸ ਉਮਰ ਵਰਗ ਨੂੰ ਟੀਕਿਆਂ ਲਈ 15 ਦਿਨ ਤੋਂ 30 ਦਿਨ ਤੱਕ ਉਡੀਕ ਕਰਨੀ ਪੈ ਸਕਦੀ ਹੈ। ਸਮਾਂ ਹੱਦ ਤੈਅ ਨਹੀਂ, ਪਰ ਇਹ ਤੈਅ ਹੋ ਗਿਆ ਹੈ ਕਿ ਤੁਹਾਨੂੰ ਕੇਂਦਰ ਸਰਕਾਰ ਟੀਕਾ ਨਹੀਂ ਲਾਏਗੀ। ਸੂਬਾ ਸਰਕਾਰ ਕੋਲ ਤੁਹਾਨੂੰ ਜਾਣਾ ਹੋਵੇਗਾ, ਹੋ ਸਕਦਾ ਹੈ ਤੁਹਾਨੂੰ ਮੁਫ਼ਤ ਟੀਕਾ ਲਾ ਦੇਵੇ (ਵਧੇਰੇ ਸੂਬੇ ਮੁਫ਼ਤ ਟੀਕਾ ਲਾਉਣ ਲਈ ਨੈਤਿਕ ਤੌਰ ਉੱਤੇ ਮਜ਼ਬੂਤ ਹਨ), ਪਰ ਸੂਬਾ ਸਰਕਾਰ ਨੂੰ ਸੀਰਮ ਇੰਸਟੀਚਿਊਟ ਦਾ ਕੋਵਿਸ਼ੀਲਡ ਟੀਕਾ 400 ਰੁਪਏ ਦਾ ਅਤੇ ਭਾਰਤ ਬਾਇਓਟੈਕ ਦਾ ਟੀਕਾ 600 ਰੁਪਏ ਵਿੱਚ ਖਰੀਦਣਾ ਪਵੇਗਾ। ਜੇ ਤੁਸੀਂ ਨਿੱਜੀ ਹਸਪਤਾਲ ਜਾਉਗੇ ਤਾਂ ਉਥੇ ਕੋਵਿਸ਼ੀਲਡ ਟੀਕੇ ਦੇ 600 ਰੁਪਏ ਅਤੇ ਕੋ-ਵੈਕਸੀਨ ਦੇ 1200 ਰੁਪਏ ਦੇਣੇ ਪੈਣਗੇ। ਇਸ ਵਿੱਚ ਤੁਸੀਂ ਘੱਟੋ-ਘੱਟ 100 ਰੁਪਏ ਸਰਵਿਸ ਚਾਰਜ ਜੋੜ ਲਓ। ਟੀਕਿਆਂ ਦੀ ਖਰੀਦ ਉੱਤੇ ਕੁਝ ਟੈਕਸ ਵੀ ਦੇਣਾ ਪਵੇ ਤਾਂ ਟੀਕਿਆਂ ਦੇ ਭਾਅ ਹੋਰ ਵਧ ਜਾਣਗੇ।

ਸਵਾਲ ਉਠਦਾ ਹੈ ਕਿ ਇੱਕੋ ਦੇਸ਼ ਵਿੱਚ ਜਦੋਂ ਐਮਰਜੈਂਸੀ ਵਰਤੋਂ ਲਈ ਟੀਕਿਆਂ ਨੂੰ ਮਨਜ਼ੂਰੀ ਦਿੱਤੀ ਗਈ ਅਤੇ ਮਹਾਮਾਰੀ ਦੇ ਐਕਟ ਹੇਠ ਮਨਜ਼ੂਰੀ ਦਿੱਤੀ ਗਈ ਤਾਂ ਫਿਰ ਟੀਕਾ ਲਾਉਣ ਵਾਲੀ ਕੰਪਨੀ ਕਿਵੇਂ ਰੇਟ ਤੈਅ ਕਰਨ ਲਈ ਕਿਉਂ ਆਜ਼ਾਦ ਛੱਡ ਦਿੱਤੀ ਗਈ? ਦੁਨੀਆ ਭਰ ਵਿੱਚ ਸਰਕਾਰਾਂ ਜਦੋਂ ਮੁਫ਼ਤ ਵਿਚ ਟੀਕਾ ਲਾ ਰਹੀਆਂ ਹਨ ਤਾਂ ਸਾਡੇ ਇੱਥੇ ਪੈਸੇ ਕਿਉਂ ਦੇਣੇ ਪੈ ਰਹੇ ਹਨ? ਸਵਾਲ ਉਠਦਾ ਹੈ ਕਿ ਜਦੋਂ ਭਾਰਤ ਸਰਕਾਰ ਨੇ ਆਪਣੇ ਬਜਟ ਵਿੱਚ 35 ਹਜ਼ਾਰ ਕਰੋੜ ਰੁਪਏ ਟੀਕਿਆਂ ਲਈ ਰੱਖੇ ਸਨ ਤਾਂ ਰਾਜਾਂ ਨੂੰ ਕਿਉਂ ਖਰੀਦਣ ਲਈ ਕਿਹਾ ਜਾ ਰਿਹਾ ਹੈ। ਜੇਕਰ ਇੱਕ ਟੀਕੇ ਦੀ ਕੀਮਤ 350 ਰੁਪਏ (ਖਰੀਦ, ਸਟੋਰੇਜ ਉੱਤੇ ਖਰਚ, ਵੰਡ ਵਿੱਚ ਖਰਚ ਆਦਿ ਮਿਲਾ ਕੇ) ਮੰਨੀਏ ਤਾਂ ਦੇਸ਼ ਦੀ 100 ਕਰੋੜ ਆਬਾਦੀ ਨੂੰ ਇੰਨੇ ਪੈਸਿਆਂ ਨਾਲ ਟੀਕਾ ਲਾਇਆ ਜਾ ਸਕਦਾ ਹੈ। ਸਵਾਲ ਉਠਦਾ ਹੈ ਕਿ ਕੋਰੋਨਾ ਦੇ ਕਾਲ ਵਿੱਚ 18 ਤੋਂ 45 ਸਾਲ ਦਾ ਉਮਰ ਵਰਗ ਦੀ ਨੌਕਰੀ ਲਈ ਸਾਹਮਣੇ ਆ ਰਿਹਾ ਹੈ, ਕਾਰਖਾਨੇ ਚਲਾ ਰਿਹਾ ਹੈ, ਫੈਕਟਰੀਆਂ ਵਿੱਚ ਕੰਮ ਕਰ ਰਿਹਾ ਹੈ ਅਤੇ ਇਸੇ ਉਮਰ ਵਰਗ ਨੂੰ ਕੋਰੋਨਾ ਨਾਲ ਇਨਫੈਕਸ਼ਨ ਹੋਣ ਦਾ ਸਭ ਤੋਂ ਜ਼ਿਆਦਾ ਖਤਰਾ ਹੈ ਤਾਂ ਫਿਰ ਇਸ ਵਰਗ ਨੂੰ ਮੁਫਤ ਟੀਕੇ ਤੋਂ ਕਿਉਂ ਵਾਂਝਾ ਰੱਖਿਆ ਜਾ ਰਿਹਾ ਹੈ।

ਇਸ ਵਿੱਚ ਕੋਈ ਦੋ ਰਾਏ ਨਹੀਂ ਕਿ ਜੇ ਭਾਰਤ ਨੇ ਕੋਰੋਨਾ ਦੀ ਦੂਸਰੀ ਲਹਿਰ ਦੀ ਮਾਰ ਨੂੰ ਘੱਟ ਕਰਨਾ ਹੈ ਅਤੇ ਸੰਭਾਵਿਤ ਤੀਸਰੀ ਲਹਿਰ ਤੋਂ ਬਚਣਾ ਹੈ ਤਾਂ ਵੱਧ ਤੋਂ ਵੱਧ ਲੋਕਾਂ ਨੂੰ ਘੱਟੋ-ਘੱਟ ਸਮੇਂ ਵਿੱਚ ਟੀਕਾ ਲਾਉਣਾ ਜ਼ਰੂਰੀ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਨਵੀਂ ਟੀਕਾ ਨੀਤੀ ਨਾਲ ਟੀਕਾ ਬਣਾਉਣ ਵਾਲੀਆਂ ਕੰਪਨੀਆਂ ਨੂੰ ਮੁਨਾਫਾ ਹੋਵੇਗਾ ਤਾਂ ਉਹ ਟੀਕਿਆਂ ਦੇ ਉਤਪਾਦਨ ਵਿੱਚ ਤੇਜ਼ੀ ਲਿਆਉਣਗੀਆਂ, ਟੀਕਾਕਰਨ ਦਾ ਕੰਮ ਪ੍ਰਭਾਵੀ ਢੰਗ ਨਾਲ ਚੱਲੇਗਾ, ਨਿੱਜੀ ਹਸਪਤਾਲ ਤੇ ਕਾਰਪੋਰੇਟ ਜਗਤ ਦੀ ਭਾਈਵਾਲੀ ਨਾਲ ਵੰਡ ਚੰਗੀ ਤਰ੍ਹਾਂ ਹੋ ਸਕੇਗੀ, ਮੰਗ ਤੇ ਸਪਲਾਈ ਦੇ ਦਰਮਿਆਨ ਸੰਤੁਲਨ ਅਤੇ ਤਾਲਮੇਲ ਬਣਿਆ ਰਹੇਗਾ।

ਓਧਰ ਇਸ ਨਵੀਂ ਨੀਤੀ ਦਾ ਵਿਰੋਧ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਇਹ ਸੂਬਿਆਂ ਦੇ ਨਾਲ ਵਿਤਕਰਾ ਹੈ। ਕੋਆਪ੍ਰੇਟਿਵ ਫੈਡਰੇਲਿਜ਼ਮ ਦੀ ਭਾਵਨਾ ਦੇ ਵਿਰੁੱਧ ਹੈ ਤੇ ਬਾਜ਼ਾਰ ਮੁੱਲ ਉੱਤੇ ਕੋਈ ਹੱਦ ਨਹੀਂ ਲਾਈ ਗਈ। ਕਿਹਾ ਜਾ ਰਿਹਾ ਹੈ ਕਿ ਜ਼ਿੰਦਗੀ ਰੱਖਿਅਕ ਦਵਾਈਆਂ ਦੇ ਭਾਅ ਸਰਕਾਰ ਤੈਅ ਕਰ ਸਕਦੀ ਹੈ ਤਾਂ ਕੋਰੋਨਾ ਤੋਂ ਬਚਾਅ ਦੇ ਸਭ ਤੋਂ ਵੱਡੇ ਹਥਿਆਰ ਭਾਵ ਟੀਕੇ ਦਾ ਭਾਅ ਸਰਕਾਰ ਕਿਉਂ ਨਹੀਂ ਤੈਅ ਕਰਦੀ। ਇਸ ਦੇ ਨਾਲ ਕਿਹਾ ਜਾ ਰਿਹਾ ਹੈ ਕਿ 18 ਤੋਂ 45 ਸਾਲ ਦੇ ਉਮਰ ਵਰਗ ਵਿੱਚ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਨੂੰ, ਰਾਸ਼ਨ ਕਾਰਡ ਧਾਰਕਾਂ ਨੂੰ ਅਤੇ ਭੋਜਨ ਦੇ ਅਧਿਕਾਰ ਦੇ ਕਾਨੂੰਨ ਹੇਠ ਆਉਣ ਵਾਲਿਆਂ ਨੂੰ ਮੁਫਤ ਟੀਕਾ ਲਾਉਣਾ ਚਾਹੀਦਾ ਹੈ। ਇਸ ਕੇਂਦਰ ਸਰਕਾਰ ਨੂੰ ਕਰਨਾ ਚਾਹੀਦਾ ਹੈ। ਹੈਰਾਨੀ ਦੀ ਗੱਲ ਹੈ ਕਿ ਅਜੇ ਤੱਕ ਕੇਂਦਰ ਸਰਕਾਰ ਨੇ ਸਪੱਸ਼ਟ ਨਹੀਂ ਕੀਤੀ।

ਉਂਝ ਸਾਫ ਤਾਂ ਹੋਰ ਬਹੁਤ ਸਾਰੀਆਂ ਚੀਜ਼ਾਂ ਵੀ ਨਹੀਂ। ਨਵੀਂ ਨੀਤੀ ਦੇ ਤਹਿਤ ਟੀਕਾ ਕੰਪਨੀ 50 ਫੀਸਦੀ ਟੀਕੇ ਕੇਂਦਰ ਸਰਕਾਰ ਨੂੰ ਦੇਵੇਗੀ। ਬਾਕੀ ਦਾ ਹਿੱਸਾ ਸੂਬਾ ਸਰਕਾਰ ਅਤੇ ਨਿੱਜੀ ਹਸਪਤਾਲਾਂ ਲਈ ਰੱਖਿਆ ਹੈ, ਪਰ ਇੱਥੇ ਵੰਡ ਕਿਵੇਂ ਹੋਵੇਗੀ, ਇਹ ਸਾਫ਼ ਨਹੀਂ ਹੈ। ਸਭ ਤੋਂ ਵੱਡੀ ਗੱਲ ਕਿ ਇਸ ਸਮੇਂ ਦੋ ਟੀਕੇ ਬਾਜ਼ਾਰ ਵਿੱਚ ਹਨ ਤੇ ਦੋਵਾਂ ਦੇ ਰੇਟ ਵੱਖ-ਵੱਖ ਹਨ। ਅਜਿਹੇ ਵਿੱਚ ਸੁਭਾਵਕ ਹੈ ਕਿ ਸਾਰੇ ਸੂਬੇ ਕੋਵਿਸ਼ੀਲਤਾ ਦਾ 400 ਰੁਪਏ ਦਾ ਟੀਕਾ ਹੀ ਖਰੀਦਣਾ ਚਾਹੁੰਣਗੇ। ਅੱਗੋਂ 1 ਮਈ ਵਿੱਚ ਕੁਝ ਹੀ ਦਿਨ ਹਨ। ਇਸ ਦੌਰਾਨ ਸੂਬਾ ਸਰਕਾਰਾਂ ਨੂੰ ਟੀਕਾ ਕੰਪਨੀਆਂ ਨਾਲ ਬੈਠ ਕੇ ਕੀਮਤ ਉੱਤੇ ਮੁੱਲ-ਭਾਅ ਕਰਨਾ ਹੈ, ਬਾਰਗੇਨਿੰਗ ਕਰਨੀ ਹੈ। ਇਸ ਦੇ ਆਧਾਰ ਉੱਤੇ ਫਿਰ ਆਰਡਰ ਪਲੇਸ ਕਰਨਾ ਹੈ। ਨਵੇਂ ਟੀਕਾਕਰਨ ਕੇਂਦਰ ਬਣਾਉਣੇ ਹਨ, ਉਥੋਂ ਦੇ ਲਈ ਸਟਾਫ ਰੱਖਣਾ ਹੈ, ਉਸ ਸਟਾਫ ਨੂੰ ਰਿਕਾਰਡ ਰੱਖਣ ਲਈ ਟ੍ਰੇਨਿੰਗ ਦੇਣੀ ਹੈ, ਵਾਧੂ ਭੰਡਾਰ ਅਤੇ ਵੰਡ ਨਾਲ ਜੁੜੀ ਵਿਵਸਥਾ ਕਰਨੀ ਹੈ ਕਿਉਂਕਿ ਕੋਵਿਨ ਸਿਸਟਮ ਉੱਤੇ 18+ ਦੀ ਰਜਿਸਟ੍ਰੇਸ਼ਨ ਲਾਜ਼ਮੀ ਕੀਤੀ ਗਈ ਹੈ। ਇਸ ਲਈ ਇਸ ਦਾ ਵੀ ਸਹੀ ਪ੍ਰਬੰਧ ਕਰਨਾ ਹੈ, ਨਿੱਜੀ ਹਸਪਤਾਲਾਂ ਦੀ ਨਵੇਂ ਸਿਰੇ ਤੋਂ ਰਜਿਸਟ੍ਰੇਸ਼ਨ ਕਰਨੀ ਹੈ। ਨਿੱਜੀ ਸੰਸਥਾਨਾਂ ਦੇ ਸਟਾਕ ਅਤੇ ਸਰਵਿਸ ਚਾਰਜ ਉੱਤੇ ਨਜ਼ਰ ਰੱਖਣੀ ਹੈ। ਜੇ ਕੋਈ ਸੂਬਾ ਉਸ ਦੇ ਲਈ ਨਾਲ-ਨਾਲ ਨਿੱਜੀ ਹਸਪਤਾਲਾਂ ਲਈ ਵੀ ਟੀਕੇ ਖਰੀਦੇ ਤਾਂ ਹਿਸਾਬ ਰੱਖਣਾ ਹੈ ਕਿ ਕਿਸ ਹਸਪਤਾਲ ਜਾਂ ਸੰਸਥਾਨ ਲਈ ਕਿੰਨੇ ਟੀਕੇ ਖਰੀਦੇ, ਕਿਸ ਰੇਟ ਉੱਤੇ ਖਰੀਦੇ, ਉਹ ਸੰਸਥਾਨ ਲੋਕਾਂ ਨੂੰ ਟੀਕਾ ਲਾਉਣ ਦੇ ਕਿੰਨੇ ਪੈਸੇ ਵਾਧੂ ਰੂਪ ਵਿੱਚ ਲੈਂਦਾ ਹੈ। ਸਾਰੀ ਜਾਣਕਾਰੀ ਕੋਵਿਨ ਐਪ ਵਿੱਚ ਪਾਉਣੀ ਜ਼ਰੂਰੀ ਹੋਵੇਗੀ। ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਕੰਮ ਵਿੱਚ 15 ਤੋਂ ਲੈ ਕੇ 30 ਦਿਨ ਲੱਗ ਸਕਦੇ ਹਨ ਭਾਵ 18+ ਨੂੰ ਜੂਨ ਮਹੀਨੇ ਤੋਂ ਹੀ ਟੀਕੇ ਲੱਗਣਗੇ।

# ਇਨਸਾਨੀ ਗਿਰਝਾਂ ਨੂੰ ਖੁੱਲ੍ਹ ਕਿਉਂ?

-ਬਲਰਾਜ ਸਿੰਘ ਸਿੱਧੂ

ਜਦੋਂ ਵੀ ਸਮਾਜ ਉੱਤੇ ਕੋਈ ਆਫਤ ਟੁੱਟਦੀ ਹੈ ਤਾਂ ਨਾਲ ਦੀ ਨਾਲ ਇਨਸਾਨ ਰੂਪੀ ਗਿਰਝਾਂ ਉਸ ਦਾ ਫਾਇਦਾ ਲੈਣ ਨੂੰ ਸਰਗਰਮ ਹੋ ਜਾਂਦੀਆਂ ਹਨ। ਇਸ ਵੇਲੇ ਭਾਰਤ ਕੋਰੋਨਾ ਦੇ ਕਹਿਰ ਨਾਲ ਜੂਝ ਰਿਹਾ ਹੈ, ਪਰ ਅਨੇਕਾਂ ਕਮੀਨੇ ਲੋਕ ਇਸ ਹਾਲਤ ਵਿੱਚ ਵੀ ਪੀੜਤਾਂ ਦੀ ਮਦਦ ਦੀ ਬਜਾਏ ਮਰੀਜ਼ਾਂ ਦੇ ਇਲਾਜ ਲਈ ਬੇਹੱਦ ਜ਼ਰੂਰੀ ਆਕਸੀਜਨ ਅਤੇ ਰੈਮਡੇਸਿਵਰ ਦਵਾਈ ਦੀ ਕਾਲਾਬਾਜ਼ਾਰੀ ਕਰਨ ਰੁੱਝੇ ਹੋਏ ਹਨ। ਇੱਕ ਪਾਸੇ ਇੱਕ ਗੁਰਦੁਆਰੇ ਅਤੇ ਕਈ ਹੋਰ ਸਮਾਜ ਸੇਵੀ ਸੰਸਥਾਵਾਂ ਵੱਲੋਂ ਆਕਸੀਜਨ ਦੇ ਲੰਗਰ ਲਾਏ ਜਾਣ ਦੀਆਂ ਖਬਰਾਂ ਆ ਰਹੀਆਂ ਹਨ, ਦੂਜੇ ਪਾਸੇ ਅੱਠ ਦਸ ਹਜ਼ਾਰ ਰੁਪਏ ਦੀ ਕੀਮਤ ਵਾਲਾ ਆਕਸੀਜਨ ਸਿਲੰਡਰ ਲੱਖ ਰੁਪਏ ਤੇ ਤਿੰਨ-ਚਾਰ ਹਜ਼ਾਰ ਦੀ ਕੀਮਤ ਵਾਲਾ ਰੈਮਡੇਸਿਵਰ ਦਾ ਟੀਕਾ ਪੈਂਤੀ-ਚਾਲੀ ਹਜ਼ਾਰ ਤੱਕ ਵੇਚਣ ਵਰਗੀਆਂ ਕਰਤੂਤਾਂ ਕੀਤੀਆਂ ਜਾ ਰਹੀਆਂ ਹਨ।

ਮਰਨ ਕਿਨਾਰੇ ਪਏ ਆਪਣੇ ਪਿਆਰਿਆਂ ਨੂੰ ਬਚਾਉਣ ਖਾਤਰ ਵਾਰਿਸ ਕੋਈ ਵੀ ਕੀਮਤ ਦੇਣ ਨੂੰ ਤਿਆਰ ਹਨ, ਪਰ ਕਾਲਾਬਾਜ਼ਾਰੀ ਕਰਨ ਵਾਲਿਆਂ ਲਈ ਇਨਸਾਨੀ ਜਾਨ ਦੀ ਕੋਈ ਕੀਮਤ ਨਹੀਂ। ਉਹ ਸਿਰਫ ਮੁਨਾਫਾ ਵੇਖਦੇ ਹਨ। ਭਾਰਤ ਵਿੱਚ ਕੋਰੋਨਾ ਵੈਕਸੀਨ ਬਣਾਉਣ ਵਾਲੀਆਂ ਸਿਰਫ ਦੋ ਕੰਪਨੀਆਂ ਸੀਰਮ ਇੰਸਟੀਚਿਊਟ ਤੇ ਭਾਰਤ ਬਾਇਓਟੈਕ ਹਨ। ਮੌਕੇ ਦਾ ਭਰਪੂਰ ਫਾਇਦਾ ਉਠਾਉਣ ਲਈ ਇਨ੍ਹਾਂ ਦੋ ਕੰਪਨੀਆਂ ਨੇ ਆਪਣੀ ਵੈਕਸੀਨ ਦੇ ਰੇਟ ਬੇਹੱਦ ਵਧਾ ਦਿੱਤੇ। ਸੀਰਮ ਇੰਸਟੀਚਿਊਟ ਨੇ ਆਪਣੇ ਟੀਕੇ ਕੋਵੀਸ਼ੀਲਡ ਦਾ ਰੇਟ ਕੇਂਦਰ ਸਰਕਾਰ ਲਈ 150 ਰੁਪਏ, ਸੂਬਾ ਸਰਕਾਰਾਂ ਲਈ 400 ਰੁਪਏ ਅਤੇ ਪ੍ਰਾਈਵੇਟ ਹਸਪਤਾਲਾਂ ਲਈ 600 ਰੁਪਏ ਪ੍ਰਤੀ ਟੀਕਾ ਅਤੇ ਭਾਰਤ ਬਾਇਓਟੈੱਕ ਨੇ ਆਪਣੇ ਟੀਕੇ ਕੋਵੈਕਸੀਨ ਦਾ ਰੇਟ ਕੇਂਦਰ ਲਈ 150 ਰੁਪਏ, ਸੂਬਾ ਸਰਕਾਰਾਂ ਲਈ 600 ਰੁਪਏ ਅਤੇ ਪ੍ਰਾਈਵੇਟ ਹਸਪਤਾਲਾਂ ਲਈ 1200 ਰੁਪਏ ਪ੍ਰਤੀ ਟੀਕਾ ਨਿਸ਼ਚਿਤ ਕਰ ਦਿੱਤਾ।

ਵੇਖਣ ਨੂੰ ਇਹ ਵਾਧਾ ਕੋਈ ਖਾਸ ਨਹੀਂ ਲੱਗਦਾ, ਪਰ ਜਦੋਂ 200 ਕਰੋੜ ਦੇ ਲਗਭਗ ਟੀਕੇ ਖਰੀਦਣੇ ਹੋਣ ਤਾਂ ਉਨ੍ਹਾਂ ਦੀ ਗਿਣਤੀ ਨੂੰ ਇਨ੍ਹਾਂ ਰੇਟਾਂ ਨਾਲ ਗੁਣਾ ਕਰਦਿਆਂ ਸਿਫਰਾਂ ਮੁੱਕ ਜਾਣੀਆਂ ਹਨ ਅਤੇ ਸਰਕਾਰਾਂ ਨੂੰ ਕਈ ਖਰਬ ਰੁਪਏ ਖਰਚਣੇ ਪੈਣੇ ਹਨ। ਅਜੇ ਕੁਝ ਹਫਤੇ ਪਹਿਲਾਂ ਹੀ ਸੀਰਮ ਦੇ ਮਾਲਕ ਆਧਾਰ ਪੂਨਾਵਾਲਾ ਨੇ ਇੱਕ ਬਿਆਨ ਵਿੱਚ ਦੱਸਿਆ ਸੀ ਕਿ ਭਾਰਤ ਸਰਕਾਰ ਨੂੰ 150 ਰੁਪਏ ਦਾ ਟੀਕਾ ਵੇਚ ਕੇ ਵੀ ਉਸ ਦੀ ਕੰਪਨੀ ਭਾਰੀ ਮੁਨਾਫਾ ਕਮਾ ਰਹੀ ਹੈ, ਪਰ ਲੱਗਦਾ ਹੈ ਕਿ ਉਸ ਨੂੰ ਆਪਣੀਆਂ ਅਗਲੀਆਂ ਸੱਤਾਂ ਪੀੜ੍ਹੀਆਂ ਦਾ ਫਿਕਰ ਹੈ ਕਿ ਜੇ ਕੋਰੋਨਾ ਵਾਇਰਸ ਖਤਮ ਹੋ ਗਿਆ ਤਾਂ ਉਹ ਵਿਚਾਰੇ ਅੱਯਾਸ਼ੀ ਭਰੀ ਜ਼ਿੰਦਗੀ ਕਿਵੇਂ ਬਤੀਤ ਕਰਨਗੇ?

ਇਸ ਵੇਲੇ ਪਰਵਾਸੀ ਮਜ਼ਦੂਰਾਂ ਨੂੰ ਯੂ ਪੀ-ਬਿਹਾਰ ਲੈ ਕੇ ਜਾਣ ਵਾਲੀਆਂ ਅਨੇਕਾਂ ਬਿਨਾਂ ਪਰਮਿਟ ਤੋਂ ਬਸਾਂ ਚੱਲ ਰਹੀਆਂ ਹਨ, ਜੋ ਰੱਜ ਕੇ ਗਰੀਬ ਪਰਵਾਸੀਆਂ ਦਾ ਖੂਨ ਚੂਸ ਰਹੀਆਂ ਹਨ। ਸਾਧਾਰਨ ਤੋਂ ਦੁੱਗਣਾ-ਤਿੱਗਣਾ ਕਿਰਾਇਆ ਲੈ ਕੇ ਵੀ ਪਰਵਾਸੀਆਂ ਨੂੰ ਬਸਾਂ ਵਿੱਚ ਮੁਰਗਿਆਂ ਵਾਂਗ ਤੁੰਨ ਕੇ ਲਿਜਾਇਆ ਜਾ ਰਿਹਾ ਹੈ।

ਸੰਨ 2010 ਵਿੱਚ ਜਦੋਂ ਲੱਦਾਖ ਵਿੱਚ ਹੜ੍ਹ ਆਏ ਤਾਂ ਉਥੇ ਫਸੇ ਸੈਲਾਨੀਆਂ ਨੂੰ ਕੱਢਣ ਸਮੇਂ ਏਅਰਲਾਈਨਾਂ ਨੇ ਕਮਾਲ ਦੀ ਬੇਸ਼ਰਮੀ ਵਿਖਾਈ ਸੀ। ਲੋਕਾਂ ਦੀ ਮਦਦ ਕਰਨ ਦੀ ਬਜਾਏ ਕਿੰਗਫਿਸ਼ਰ ਅਤੇ ਏਅਰ ਇੰਡੀਆ ਵਰਗੀਆਂ ਕਈ ਕੰਪਨੀਆਂ ਨੇ ਟਿਕਟਾਂ ਦਾ ਰੇਟ ਕਈ ਗੁਣਾ ਵਧਾ ਦਿੱਤਾ ਸੀ। ਉਹ ਗੱਲ ਵੱਖਰੀ ਹੈ ਕਿ ਇੰਨੀ ਕਮੀਨਗੀ ਵਿਖਾਉਣ ਦੇ ਬਾਵਜੂਦ ਕਿੰਗਫਿਸ਼ਰ ਬੰਦ ਹੋ ਚੁੱਕੀ ਹੈ ਅਤੇ ਏਅਰ ਇੰਡੀਆ ਦੀਵਾਲੀਆ ਹੋਣ ਕੰਢੇ ਖੜ੍ਹੀ ਹੈ।

ਸੰਨ 1968 ਅਤੇ 1993 ਵਿੱਚ ਪੰਜਾਬ ਵਿੱਚ ਭਿਆਨਕ ਹੜ੍ਹ ਆਏ ਸਨ। ਸਮਾਜ ਸੇਵੀ ਸੰਸਥਾਵਾਂ ਨੇ ਪੀੜਤ ਲੋਕਾਂ ਦੀ ਅਥਾਹ ਸੇਵਾ ਕੀਤੀ ਸੀ, ਪਰ ਓਦੋਂ ਵੀ ਜਮ੍ਹਾਂਖੋਰਾਂ ਨੇ ਰੱਜ ਕੇ ਮੁਨਾਫਾ ਕਮਾਇਆ। ਰਾਤੋ-ਰਾਤ ਖੰਡ-ਪੱਤੀ ਤੇ ਹੋਰ ਜ਼ਰੂਰੀ ਨਿੱਤ ਵਰਤੋਂ ਦੀਆਂ ਵਸਤਾਂ ਦੇ ਭਾਅ ਕਈ ਗੁਣਾ ਚੁੱਕ ਦਿੱਤੇ। ਸੰਨ 1993 ਵਿੱਚ ਪਟਿਆਲਾ, ਸੰਗਰੂਰ ਅਤੇ ਕਈ ਹੋਰ ਜ਼ਿਲਿਆਂ ਵਿੱਚ ਘੱਗਰ ਨਦੀ ਨੇ ਹੜ੍ਹਾਂ ਕਾਰਨ ਤਬਾਹੀ ਮਚਾ ਦਿੱਤੀ ਸੀ। ਮੈਂ ਉਸ ਵੇਲੇ ਇੱਕ ਥਾਣੇ ਵਿੱਚ ਐੱਸ ਐੱਚ ਓ ਲੱਗਾ ਹੋਇਆ ਸਾਂ। ਇੱਕ ਪਾਸੇ ਸਮਾਜ ਸੇਵੀ ਪੀੜਤਾਂ ਲਈ ਮਦਦ ਭੇਜ ਰਹੇ ਸਨ, ਦੂਜੇ ਪਾਸੇ ਕਈ ਦੁਕਾਨਦਾਰਾਂ ਨੇ ਪਰਚੂਨ ਵਸਤਾਂ ਦੇ ਰੇਟ ਦੂਣੇ ਕਰ ਦਿੱਤੇ ਅਤੇ ਸਭ ਤੋਂ ਜ਼ਰੂਰੀ ਵਸਤੂ ਤਰਪਾਲ ਨੂੰ ਬਾਜ਼ਾਰ ਤੋਂ ਗਾਇਬ ਹੀ ਕਰ ਦਿੱਤਾ ਸੀ। ਜਦੋਂ ਲੋਕਾਂ ਵਿੱਚ ਹਾਹਾਕਾਰ ਮਚ ਗਈ ਤਾਂ ਅਸੀਂ ਅਜਿਹੇ ਕਈ ਜਮ੍ਹਾਂਖੋਰਾਂ ਉੱਤੇ ਕੇਸ ਦਰਜ ਕੀਤੇ ਤੇ ਕਈਆਂ ਦੀ ਥਾਣੇ ਲਿਆ ਕੇ ਚੰਗੀ ਤਰ੍ਹਾਂ ਸੇਵਾ ਕੀਤੀ ਤਾਂ ਜਾ ਕੇ ਕਿਤੇ ਹਾਲਾਤ ਵਿੱਚ ਸੁਧਾਰ ਆਇਆ ਸੀ।

ਅਜਿਹੇ ਲੋਕਾਂ ਲਈ ਵਰਤਿਆ ਜਾਣ ਵਾਲਾ ਸ਼ਬਦ ਇਨਸਾਨੀ ਗਿਰਝਾਂ (ਹਿਊਮਨ ਵਲਚਰ) ਮੱਧ ਕਾਲ ਸਮੇਂ ਤੋਂ ਯੂਰਪ ਵਿੱਚ ਸ਼ੁਰੂ ਹੋਇਆ ਸੀ। ਓਦੋਂ ਹਜ਼ਾਰਾਂ ਲੋਕਾਂ ਦੇ ਅਜਿਹੇ ਗਿਰੋਹ ਸਾਰੇ ਯੂਰਪ ਵਿੱਚ ਫੈਲੇ ਹੋਏ ਸਨ, ਜੋ ਫੌਜਾਂ ਦੇ ਪਿੱਛੇ ਪਿੱਛੇ ਚੱਲਦੇ ਸਨ। ਮੱਧ ਕਾਲ ਯੂਰਪ ਵਿੱਚ ਗੜਬੜ ਦਾ ਸਮਾਂ ਸੀ ਅਤੇ ਦੇਸ਼ਾਂ ਵਿਚਾਲੇ ਲਗਾਤਾਰ ਯੁੱਧ ਚੱਲ ਰਹੇ ਸਨ। ਜੰਗ ਖਤਮ ਹੋਣ ਤੋਂ ਬਾਅਦ ਇਨਸਾਨੀ ਗਿਰਝਾਂ ਜੰਗ ਦੇ ਮੈਦਾਨ ਵਿੱਚ ਪਹੁੰਚ ਜਾਂਦੀਆਂ ਤੇ ਜ਼ਖਮੀ ਫੌਜੀਆਂ ਦੀ ਸਾਂਭ-ਸੰਭਾਲ ਅਤੇ ਮ੍ਰਿਤਕਾਂ ਨੂੰ ਦਫਨਾਉਣ ਵਿੱਚ ਮਦਦ ਕਰਨ ਦੇ ਬਹਾਨੇ ਉਨ੍ਹਾਂ ਦਾ ਸਾਮਾਨ ਚੋਰੀ ਕਰ ਲੈਂਦੀਆਂ ਸਨ। ਫਰਾਂਸ ਦੇ ਬਾਦਸ਼ਾਹ ਲੁਈ 14ਵੇਂ (ਸ਼ਾਸਨ 1643 ਤੋਂ 1615 ਈਸਵੀ) ਸਮੇਂ ਇਹ ਵਿਹਾਰ ਇੰਨਾ ਵੱਧ ਗਿਆ ਸੀ ਕਿ ਇਸ ਦੀ ਰੋਕਥਾਮ ਲਈ ਫਰਾਂਸ ਦੀ ਫੌਜ ਨੇ ਅਜਿਹੀਆਂ ਹਜ਼ਾਰਾਂ ਗਿਰਝਾਂ ਨੂੰ ਸੂਲੀ ਉੱਤੇ ਚੜ੍ਹਾਅ ਦਿੱਤਾ ਸੀ।

ਭਾਰਤ ਵਿੱਚ ਵੀ ਇਸ ਸਮੇਂ ਅਜਿਹੀ ਹਾਲਤ ਬਣੀ ਹੋਈ ਹੈ। ਟੀ ਵੀ ਤੇ ਅਖਬਾਰਾਂ ਵਿੱਚ ਚੱਲ ਰਹੀਆਂ ਖਬਰਾਂ ਵੇਖ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ। ਸਿਰਫ ਪੰਜਾਬ, ਦਿੱਲੀ ਅਤੇ ਹਰਿਆਣੇ ਵਿੱਚ ਆਕਸੀਜਨ ਦੀ ਅਣਹੋਂਦ ਕਾਰਨ ਪੰਜਾਹ ਤੋਂ ਵੱਧ ਕੋਰੋਨਾ ਪੀੜਤ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਹਨ। ਹਸਪਤਾਲ ਆਕਸੀਜਨ ਦੀ ਕਮੀ ਪੂਰੀ ਕਰਨ ਲਈ ਸਰਕਾਰ ਨੂੰ ਅਪੀਲਾਂ ਕਰ ਰਹੇ ਹਨ ਅਤੇ ਨਵੇ ਮਰੀਜ਼ਾਂ ਨੂੰ ਦਾਖਲ ਕਰਨ ਤੋਂ ਇਨਕਾਰ ਕਰ ਰਹੇ ਹਨ। ਹਾਲਾਤ ਇੰਨੇ ਖਰਾਬ ਹੋ ਚੁੱਕੇ ਹਨ ਕਿ ਮਰੀਜ਼ਾਂ ਨੂੰ ਲੈ ਕੇ ਆਈਆਂ ਐਂਬੂਲੈਂਸਾਂ ਕਤਾਰਾਂ ਬਣਾ ਕੇ ਹਸਪਤਾਲਾਂ ਅੱਗੇ ਖੜ੍ਹੀਆਂ ਹਨ, ਪਰ ਅੰਦਰ ਜਗ੍ਹਾ ਨਹੀਂ। ਇਨਸਾਨੀ ਗਿਰਝਾਂ ਨੂੰ ਅਜਿਹਾ ਕੁਝ ਵੇਖ ਕੇ ਤਰਸ ਆਉਣ ਦੀ ਬਜਾਏ ਖੁਸ਼ੀ ਚੜ੍ਹ ਰਹੀ ਹੈ। ਜਿੰਨੀ ਜ਼ਿਆਦਾ ਬਿਮਾਰੀ ਵਧੇਗੀ, ਇਨ੍ਹਾਂ ਨੂੰ ਓਨਾ ਹੀ ਜ਼ਿਆਦਾ ਪੈਸਾ ਕਮਾਉਣ ਦੀ ਮੌਕਾ ਮਿਲਣ ਵਾਲਾ ਹੈ।

ਜੇ ਹਾਲਾਤ ਇਸੇ ਤਰ੍ਹਾਂ ਖਰਾਬ ਰਹੇ ਤਾਂ ਠੱਗਾਂ ਨੇ ਕੁਝ ਦਿਨਾਂ ਬਾਅਦ ਰੈਮਡੇਸਿਵਰ ਦਾ ਨਕਲੀ ਟੀਕਾ ਅਤੇ ਆਕਸੀਜਨ ਦੀ ਬਜਾਏ ਸਾਧਾਰਨ ਹਵਾ ਸਿਲੰਡਰਾਂ ਵਿੱਚ ਭਰ ਕੇ ਵੇਚਣੀ ਸ਼ੁਰੂ ਕਰ ਦੇਣੀ ਹੈ। ਇਸ ਲਈ ਸਰਕਾਰਾਂ ਨੂੰ ਅਜਿਹੇ ਲੋਕਾਂ ਉੱਤੇ ਸਖਤੀ ਕਰਨੀ ਸ਼ੁਰੂ ਕਰ ਦੇਣੀ ਚਾਹੀਦੀ ਹੈ ਤਾਂ ਜੋ ਉਹ ਲੋਕ ਦੀ ਲੁੱਟ-ਖਸੁੱਟ ਬੰਦ ਕਰ ਦੇਣ। ਸਰਕਾਰਾਂ ਇਸ ਸਿਹਤ ਸੰਬੰਧੀ ਸੰਕਟ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਤਾਂ ਕਿ ਲੋਕਾਂ ਨੂੰ ਸੁੱਖ ਦਾ ਸਾਹ ਆ ਸਕੇ।

## ਤਸੱਲੀ ਨਾਲ ਦੇਖ -ਆਸ਼ਾ ਸ਼ਰਮਾ

ਸਵੇਰ ਦੀ ਭੱਜ-ਨੱਸ ਵਿੱਚ ਕੁਝ ਵੀ ਠੀਕ ਨਹੀਂ ਹੁੰਦਾ। ਕਦੇ ਗੱਡੀ ਦੀ ਚਾਬੀ ਨਹੀਂ ਮਿਲਦੀ ਤਾਂ ਕਦੇ ਕੋਈ ਜ਼ਰੂਰੀ ਕਾਗਜ਼। ਕਦੇ-ਕਦੇ ਤਾਂ ਅਲਮਾਰੀ ਵਿੱਚ ਰੱਖੀ ਨੀਲੀ ਜੀਨਸ ਵੀ ਅੱਖਾਂ ਤੋਂ ਓਝਲ ਹੋ ਜਾਂਦੀ ਹੈ। ਮਾਂ ਨੂੰ ਪਤਾ ਨਹੀਂ ਕਿਵੇਂ ਉਹ ਗੁਆਚੀ ਹੋਈ ਚੀਜ਼ ਮਿਲ ਜਾਂਦੀ ਹੈ। ਪਲਕ ਝਪਕਦੇ ਹੀ ਲਿਆ ਕੇ ਹੱਥ ਵਿੱਚ ਫੜ੍ਹਾ ਦਿੰਦੀ।

''ਕਿੱਥੋਂ ਮਿਲੀ?'' ਮੈਂ ਪੁੱਛਦੀ।

'ਓਥੇ ਤਾਂ ਰੱਖੀ ਸੀ। ਜ਼ਰਾ ਤਸੱਲੀ ਨਾਲ ਦੇਖਦੀ ਤਾਂ ਮਿਲ ਜਾਂਦੀ।'' ਮਾਂ ਆਪਣੀ ਪਿਆਰੀ ਜਿਹੀ ਮੁਸਕਾਨ ਨਾਲ ਕਹਿੰਦੀ।

ਤਸੱਲੀ ਕਿਸ ਨੂੰ ਸੀ? ਮੈਂ ਤਾਂ ਆਪਣੀ ਖਿੱਝ ਦੇ ਜਵਾਬ ਵਿੱਚ ਮਾਂ ਦੇ ਸਨੇਹ, ਕਦੇ ਉਸ ਦੇ ਗੁੱਸੇ ਦੇ ਓਹਲੇ ਵਿੱਚ ਲਿਪਟੇ ਪ੍ਰੇਮ ਅਤੇ ਉਸ ਦੀਆਂ ਨਸੀਹਤਾਂ ਵਿੱਚ ਛਿਪੀ ਪ੍ਰਵਾਹ ਨੂੰ ਵੀ ਕਿੱਥੇ ਦੇਖ ਪਾਉਂਦੀ ਸੀ।

ਅੱਜ ਜਦ ਬੇਟੀ ਆਪਣਾ ਗੁਲਾਬੀ ਕੁੜਤਾ ਲੱਭਦੀ ਹੋਈ ਖਿੱਝਦੀ ਹੈ ਤਾਂ ਮਾਂ ਸਾਹਮਣੇ ਆ ਕੇ ਖੜ੍ਹੀ ਹੋ ਜਾਂਦੀ ਹੈ ਅਤੇ ਮੈਂ ਮੁਸਕਰਾ ਕੇ ਕਹਿ ਉਠਦੀ ਹਾਂ, ''ਤਸੱਲੀ ਨਾਲ ਦੇਖ, ਉਥੇ ਹੀ ਰੱਖਿਆ ਹੋਵੇਗਾ, ਮਿਲ ਜਾਏਗਾ।''

ਉਮਰ ਦੇ ਇਸ ਚੌਥੇ ਦਹਾਕੇ ਵਿੱਚ ਫੁਰਸਤ ਮਿਲੀ ਤਾਂ ਤਸੱਲੀ ਨਾਲ ਦੇਖਦੀ ਹਾਂ ਮਾਂ ਦੀਆਂ ਨਸੀਹਤਾਂ ਨੂੰ। ਬੇਟੀ ਵੀ ਇਸੇ ਤਰ੍ਹਾਂ ਇੱਕ ਦਿਨ ਸਮਝ ਜਾਏਗੀ, ਜਦ ਉਸ ਦੀ ਬੇਟੀ ਪੀਲੀ ਸਾੜ੍ਹੀ ਅਲਮਾਰੀ ਵਿੱਚ ਲੱਭਦੀ ਹੋਈ ਖਿੱਝੇਗੀ।

# ਮਿੰਨੀ ਕਹਾਣੀਆਂ

## ਅਦਰਸ਼ -ਸੁਨੀਤਾ ਬਿਸ਼ਨੋਲੀਆ

''ਦਿਖਾ ਕੀ ਚੋਰੀ ਕੀਤਾ ਏ ਤੂੰ! ਖੋਲ੍ਹ..., ਖੋਲ੍ਹਦੀ ਕਿਉਂ ਨਹੀਂ ਮੁੱਠੀ।'' ਕਹਿੰਦੀ ਹੋਈ ਮਾਲਕਣ ਸ਼ਕੁੰਤਲਾ ਨੇ ਆਪਣੇ ਕੀਤੇ ਉੱਤੇ ਸ਼ਰਮਿੰਦਾ ਹੋ ਕੇ ਸਿਸਕਦੀ ਸੱਤ ਸਾਲ ਦੀ ਲੱਛੀ ਦਾ ਹੱਥ ਕੱਸ ਕੇ ਫੜ ਲਿਆ ਅਤੇ ਦੂਸਰੇ ਹੱਥ ਨਾਲ ਉਸ ਦੇ ਜ਼ੋਰਦਾਰ ਥੱਪੜ ਮਾਰਦੇ ਹੋਏ ਕਿਹਾ, ''ਰਾਧਾ, ਦੇਖ ਤੇਰੀ ਬੇਟੀ ਨੂੰ। ਤੂੰ ਚਾਹੁੰਦੀ ਸੀ ਕਿ ਇਹ ਪੜ੍ਹ-ਲਿਖ ਕੇ ਤੇਰਾ ਸਹਾਰਾ ਬਣੇ, ਪਰ ਦੇਖ ਇਹ ਤਾਂ ਕੁਝ ਹੋਰ ਹੀ ਸਿੱਖ ਰਹੀ ਏ। ਹੇ ਰਾਮ! ਕਿੱਦਾਂ ਦੀ ਢੀਠ ਏ। ਦੇਖ, ਤਾਂ ਮੁੱਠੀ ਨਹੀਂ ਖੋਲ੍ਹ ਰਹੀ।''

ਬੇਟੀ ਨੂੰ ਮਾਲਕਣ ਤੋਂ ਕੁੱਟ ਖਾਂਦੇ ਅਤੇ ਅੱਖਾਂ ਵਿੱਚੋਂ ਲਗਾਤਾਰ ਅੱਥਰੂ ਵਹਿੰਦੇ ਦੇਖ ਕੇ ਰਾਧਾ ਦੀਆਂ ਅੱਖਾਂ ਵੀ ਛਲਕ ਪਈਆਂ, ਪਰ ਉਹ ਕੁਝ ਨਹੀਂ ਕਹਿ ਸਕੀ।

''ਇਹ ਤਾਂ ਤੇਰੀ ਮਾਂ ਮੇਰੇ ਘਰ ਕੰਮ ਕਰਦੀ ਹੈ, ਜੇ ਤੂੰ ਰਾਧਾ ਦੀ ਬੇਟੀ ਨਾ ਹੁੰਦੀ ਤਾਂ ਮੈਂ ਤੈਨੂੰ ਦੇਖ ਲੈਂਦੀ। ਤੂੰ ਮੁੱਠੀ ਖੋਲ੍ਹਦੀ ਏਂ ਕਿ ਨਹੀਂ? ਰਾਧਾ, ਕੱਲ੍ਹ ਵੀ ਇਹ ਤੇਰੇ ਨਾਲ ਆਈ ਸੀ ਅਤੇ ਕੱਲ੍ਹ ਹੀ ਮੇਰੇ ਸੌ ਰੁਪਏ ਗੁਆਚ ਗਏ ਸਨ, ਓਹ ਪੈਸੇ ਵੀ ਇਸ ਨੇ ਹੀ ਚੋਰੀ ਕੀਤੇ ਹੋਣਗੇ।''


ਇੰਨਾ ਸੁਣਦੇ ਹੀ ਲੱਛੀ ਨੇ ਮੁੱਠੀ ਖੋਲ੍ਹ ਦਿੱਤੀ, ਛੋਟੀ ਜਿਹੀ ਮੁੱਠੀ ਵਿੱਚ ਨਿਕਲੇ ਦੋ ਬਾਦਾਮ। ਮਾਲਕਣ ਨੂੰ ਖੁੱਲ੍ਹੀ ਮੁੱਠੀ ਦਿਖਾਉਂਦੇ ਹੋਏ ਲੱਛੀ ਜਲਦੀ ਨਾਲ ਬੋਲੀ, ''ਨਹੀਂ ਮੈਡਮ, ਮੈਂ ਪੈਸੇ ਨਹੀਂ ਚੋਰੀ ਕੀਤੇ। ਤੁਸੀਂ ਭਈਆ ਨੂੰ ਕਹਿ ਰਹੇ ਸੀ, ਰੋਜ਼ ਬਾਦਾਮ ਖਾਣ ਨਾਲ ਦਿਮਾਗ ਤੇਜ਼ ਹੁੰਦਾ ਹੈ। ਇਸ ਲਈ ਮੈਂ ਬਾਦਾਮ ਲਏ ਹਨ। ਮੈਂ ਵੱਡੀ ਹੋ ਕੇ ਤੁਹਾਡੇ ਤਰ੍ਹਾਂ ਬਹੁਤ ਤੇਜ਼ ਦਿਮਾਗ ਵਾਲੀ ਟੀਚਰ ਬਣਨਾ ਚਾਹੁੰਦੀ ਹਾਂ। ਮੈਂ ਤੁਹਾਡੇ ਵਾਂਗ ਬੱਚਿਆਂ ਨੂੰ ਚੰਗੀਆਂ-ਚੰਗੀਆਂ ਗੱਲਾਂ ਸਿਖਾਵਾਂਗੀ। ਫਿਰ ਮਾਂ ਨੂੰ ਕੰਮ ਉੱਤੇ ਵੀ ਨਹੀਂ ਜਾਣਾ ਪਵੇਗਾ।''

ਸੁਣਦੇ ਹੀ ਮਾਂ ਨੇ ਲੱਛੀ ਨੂੰ ਗਲੇ ਨਾਲ ਲਾ ਲਿਆ ਅਤੇ ਸ਼ਕੁੰਤਲਾ ਇਹ ਸੋਚ ਕੇ ਸ਼ਰਮ ਵਿੱਚ ਡੁੱਬੀ ਜਾ ਰਹੀ ਸੀ, ''ਮੇਰੇ ਵਾਂਗ?''

# ਪੰਥਕ ਦਲਾਂ ਅਤੇ ਸਿਆਸੀ ਆਗੂਆਂ ਦੀ ਮੀਟਿੰਗ ਵਿੱਚ ਹਾਈਕੋਰਟ ਦੇ ਫ਼ੈਸਲੇ ਵਿਰੁੱਧ ਖੁੱਲ੍ਹੀ ਬਗ਼ਾਵਤ

ਚੰਡੀਗੜ੍ਹ, 28 ਅਪ੍ਰੈਲ (ਪੋਸਟ ਬਿਊਰੋ)- ਪੰਥਕ ਦਲਾਂ ਅਤੇ ਸਿਆਸੀ ਪਾਰਟੀਆਂ ਦੇ ਕੁਝ ਚੋਣਵੇਂ ਆਗੂਆਂ ਦੀ ਕੱਲ੍ਹ ਗੁਰਦੁਆਰਾ ਅੰਬ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਕੋਟਕਪੂਰਾ ਗੋਲੀ ਕਾਂਡ ਬਾਰੇ ਕੀਤੇ ਫ਼ੈਸਲੇ ਨੂੰ ਪੂਰੀ ਤਰ੍ਹਾਂ ਰੱਦ ਕਰ ਕੇਇਸ ਫ਼ੈਸਲੇ ਦਾ ਵਿਰੋਧ ਕੀਤਾ ਅਤੇ 30 ਅਪ੍ਰੈਲ ਨੂੰ ਦੇਸ਼ ਵਿਦੇਸ਼ ਦੇ ਸਿੱਖਾਂ ਨੂੰ ਇਸ ਫ਼ੈਸਲੇ ਦੀਆਂ ਕਾਪੀਆਂ ਸਾੜਨ ਦਾ ਸੱਦਾ ਵੀ ਜਾਰੀ ਕਰ ਦਿੱਤਾ ਗਿਆ ਹੈ।

ਮੀਟਿੰਗ ਤੋਂ ਬਾਅਦ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਉਹ ਉਸ ਦਿਨ ਕੋਟਕਪੂਰਾ ਜਾ ਕੇ ਖ਼ੁਦ ਫ਼ੈਸਲੇ ਦੀਆਂ ਕਾਪੀਆਂ ਸਾੜਨਗੇ। ਉਨ੍ਹਾਂ ਕਿਹਾ ਕਿ ਉਹ ਗ੍ਰਿਫ਼ਤਾਰੀ ਤੋਂ ਨਹੀਂ ਡਰਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਫਾਂਸੀ ਉਤੇ ਲਟਕਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਅਦਾਲਤ ਤੋਂ ਬਹੁਤੀ ਨਿਆਂ ਦੀ ਆਸ ਨਹੀਂ ਰੱਖਣੀ ਚਾਹੀਦੀ ਤੇ ਬੇਅਦਬੀ ਤੇ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਨੰਗਾ ਕੀਤਾ ਜਾਵੇਗਾ। ਉਨ੍ਹਾਂ ਫ਼ੈਸਲੇ ਉੱਤੇ ਤਿੱਖੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ ਕਿ ਸਬੰਧਤ ਜੱਜ ਦੇ ਬਾਦਲਾਂ ਨਾਲ ਸਬੰਧ ਹਨ ਅਤੇ ਉਹ ਖੁਦ ਚੌਟਾਲਿਆਂ ਦਾ ਨਜ਼ਦੀਕੀ ਹੈ। ਉਨ੍ਹਾਂ


ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ

ਕਿਹਾ ਕਿ ਹਰਿਆਣਾ ਵਿੱਚ ਓਮ ਪ੍ਰਕਾਸ਼ ਚੌਟਾਲਾ ਦੀ ਸਰਕਾਰ ਦੌਰਾਨ ਇਹ ਜੱਜ ਸਰਕਾਰ ਦੇ ਡਿਪਟੀ ਐਡਵੋਕੇਟ ਵਜੋਂ ਉਨ੍ਹਾਂ ਨੂੰ ਖ਼ੁਸ਼ ਕਰਦਾਰਹਿੰਦਾ ਸੀ, ਜਿਸ ਨੂੰ ਸਿੱਖ ਕਦੇ ਪ੍ਰਵਾਨ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਇਸ ਜੱਜ ਨੇ ਪੱਖਪਾਤੀ ਫ਼ੈਸਲਾ ਕੀਤਾ ਹੈ ਤੇ ਇਹ ਹਾਈਕੋਰਟ ਦੇ ਇਤਿਹਾਸ ਦੀ ਸਭ ਤੋਂ ਵੱਡੀ ਗਲਤੀ ਹੈ। ਉਨ੍ਹਾਂ ਕਿਹਾ ਕਿ ਪਟੀਸ਼ਨਰ ਨੂੰ ਨਿਆਂ ਦੀ ਗੱਲ ਹੋ ਸਕਦੀ ਸੀ, ਪਰ ਜੱਜ ਨੇ ਬਾਦਲਾਂ ਨੂੰ ਖ਼ੁਦ ਹੀ ਕਲੀਨ ਚਿੱਟ ਦੇ ਦਿੱਤੀ।

ਇਸ ਮੌਕੇ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਫ਼ੈਸਲੇ ਦੀਆਂ ਕਾਪੀਆਂ ਸਾੜਾਂਗੇ ਵੀ ਅਤੇ ਪਾੜਾਂਗੇ ਵੀ। ਉਨ੍ਹਾਂ ਕਿਹਾ ਕਿ ਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਉਪਰ ਕੋਈ ਨਹੀਂ ਹੈ। ਸਿੱਖ ਪ੍ਰਚਾਰਕ ਹਰਜਿੰਦਰ ਸਿੰਘ ਮਾਝੀ ਨੇ ਕਿਹਾ ਕਿ ਸੋਚੀ ਸਮਝੀ ਸਾਜ਼ਿਸ਼ ਤਹਿਤ ਫ਼ੈਸਲਾ ਦਿੱਤਾ ਗਿਆ ਹੈ ਤੇ ਸੁਖਬੀਰ ਬਾਦਲ ਤੇ ਸੁਮੇਧ ਸੈਣੀ ਵਰਗੇ ਸ਼ਕਤੀਸ਼ਾਲੀ ਲੋਕਾਂ ਅੱਗੇ ਅਦਾਲਤ ਬੇਵੱਸ ਹੈ। ਪਤਾ ਨਹੀਂ ਅਦਾਲਤ ਅਜਿਹੇ ਫ਼ੈਸਲੇ ਦੇ ਕੇ ਸਿੱਖ ਨੌਜਵਾਨਾਂ ਨੂੰ ਕਿਸ ਪਾਸੇ ਤੋਰਨਾ ਚਾਹੁੰਦੀ ਹੈ? ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਹਾਈਕੋਰਟ ਦਾ ਫ਼ੈਸਲਾ ਕੁਦਰਤ ਦੇ ਨਿਆਂ ਦੇ ਬਿਲਕੁਲ ਉਲਟ ਹੈ। ਪਟੀਸ਼ਨਰ ਨੇ ਜੋ ਰਾਹਤ ਮੰਗੀ, ਉਸ ਦੀ ਥਾਂ ਮੁੱਖ ਦੋਸ਼ੀਆਂ ਨੂੰਬਿਨਾਂ ਮੰਗੇ ਕਲੀਨ ਚਿੱਟ ਦਿੱਤੀ ਗਈ ਤੇ ਇਹ ਰਾਜਨੀਤਕ ਦਬਾਅ ਵਿੱਚ ਕੀਤਾ ਫ਼ੈਸਲਾ ਹੈ। ਟਰਾਇਲ ਕੋਰਟ ਦਾ ਕੰਮ ਖ਼ੁਦ ਹੀ ਹਾਈਕੋਰਟ ਨੇ ਕਰ ਦਿੱਤਾ ਹੈ, ਜਦ ਕਿ ਚਲਾਨ ਪੇਸ਼ ਹੋਣ ਬਾਅਦ ਅਜਿਹਾ ਦਖ਼ਲ ਹੀ ਗ਼ਲਤ ਹੈ।

# ਅਦਾਲਤ ਨੇ ਕੋਟਕਪੂਰਾ ਗੋਲੀ ਕਾਂਡ ਦੀ ਫਾਈਲ ਬੰਦ ਕੀਤੀ

*** ਬਹਿਬਲ ਗੋਲੀ ਕਾਂਡ ਦੀ ਸੁਣਵਾਈ ਵੀ 18 ਮਈ ਤੱਕ ਟਲੀ**

ਫਰੀਦਕੋਟ, 28 ਅਪ੍ਰੈਲ (ਪੋਸਟ ਬਿਊਰੋ)- ਫਰੀਦਕੋਟ ਦੇ ਐਡੀਸ਼ਨਲ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਨੇ ਕੋਟਕਪੂਰਾ ਗੋਲੀ ਕਾਂਡ ਦੀ ਫਾਈਲ ਬੰਦ ਕਰ ਦਿੱਤੀ ਹੈ, ਜਿਸ ਨਾਲ ਇਸ ਵਿੱਚ ਨਾਮਜ਼ਦ ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਅਤੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਸਮੇਤ ਸੱਤ ਜਣਿਆਂ ਨੂੰ ਵੱਡੀ ਰਾਹਤ ਮਿਲੀ ਹੈ।

ਪੰਜਾਬ ਹਰਿਆਣਾ ਹਾਈ ਕੋਰਟ ਨੇ ਨੌਂ ਅਪ੍ਰੈਲ ਨੂੰ ਕੋਟਕਪੂਰਾ ਗੋਲੀ ਕਾਂਡ ਕੇਸ ਵਿੱਚ ਵਿਸ਼ੇਸ਼ ਜਾਂਚ ਟੀਮ ਵੱਲੋਂ ਤਿਆਰ ਕੀਤੀਆਂ ਚਾਰ ਚਾਰਜਸ਼ੀਟਾਂ ਨੂੰ ਰੱਦ ਕਰ ਦਿੱਤਾ ਸੀ। ਹਾਈ ਕੋਰਟ ਦੇ ਫੈਸਲੇ ਦੀ ਰੋਸ਼ਨੀ ਵਿੱਚ ਐਡੀਸ਼ਨਲ ਸੈਸ਼ਨ ਜੱਜ ਨੇ ਕੋਟਕਪੂਰਾ ਗੋਲੀ ਕਾਂਡ ਵਿੱਚ ਨਾਮਜ਼ਦ ਸਾਰੇ ਲੋਕਾਂ ਨੂੰ ਹਾਲ ਦੀ ਘੜੀ ਆਜ਼ਾਦ ਕਰ ਦਿੱਤਾ ਹੈ। ਵਰਣਨ ਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਕੋਟਕਪੂਰਾ ਗੋਲੀ ਕਾਂਡ ਵਿੱਚ 27 ਮਈ 2019 ਤੋਂ 18 ਜਨਵਰੀ 2021 ਤੱਕ ਕੁੱਲ ਚਾਰ ਚਲਾਣ ਅਦਾਲਤ ਵਿੱਚ ਪੇਸ਼ ਕੀਤੇ ਸਨ ਅਤੇ ਇਸ ਕਾਂਡ ਵਿੱਚ ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ, ਏ ਡੀ ਸੀਪੀ ਪਰਮਜੀਤ ਪੰਨੂ, ਐਸ ਪੀ ਬਲਜੀਤ ਸਿੰਘ, ਥਾਣਾ ਸਿਟੀ ਕੋਟਕਪੂਰਾ ਦੇ ਸਾਬਕਾ ਐਸ ਐਚ ਓ ਗੁਰਦੀਪ ਸਿੰਘ ਪੰਧੇਰ ਅਤੇ ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਦੋਸ਼ੀ ਨਾਮਜ਼ਦ ਸਨ। ਕੱਲ੍ਹ ਕੋਈ ਵੀ ਮੁਲਜ਼ਮ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਦੌਰਾਨ ਪੇਸ਼ ਨਹੀਂ ਹੋਇਆ। ਮੁਲਜ਼ਮਾਂ ਦੇ ਵਕੀਲਾਂ ਨੇ ਕੇਸ ਬੰਦ ਕਰਨ ਦੀ ਮੰਗ ਕੀਤੀ ਸੀ, ਜਿਸ ਨੂੰ ਅਦਾਲਤ ਨੇ ਸਵੀਕਾਰ ਕਰਲਿਆ। ਸੁਣਵਾਈ ਦੌਰਾਨ ਪੰਜਾਬ ਸਰਕਾਰ ਦੇ ਵਕੀਲ ਤੇ ਵਿਸ਼ੇਸ਼ ਜਾਂਚ ਟੀਮ ਦੇ ਸੀਨੀਅਰ ਅਧਿਕਾਰੀ ਅਦਾਲਤ ਵਿੱਚ ਹਾਜ਼ਰ ਸਨ।

ਅਦਾਲਤ ਨੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ 18 ਮਈ ਤੱਕ ਮੁਲਤਵੀ ਕਰ ਦਿੱਤੀ ਹੈ। ਪੰਜਾਬ ਸਰਕਾਰ ਦੀ ਜਾਂਚ ਟੀਮ ਨੇ ਇਸ ਮਾਮਲੇ ਵਿੱਚ ਦੋਸ਼ ਆਇਦ ਕਰਨ ਦੀ ਮੰਗ ਕੀਤੀ ਸੀ, ਪਰ ਮੁਲਜ਼ਮਾਂ ਦੇ ਵਕੀਲਾਂ ਨੇ ਦੱਸਿਆ ਕਿ ਬਹਿਬਲ ਗੋਲੀ ਕਾਂਡ ਵਿੱਚ ਪੇਸ਼ ਕੀਤੇ ਚਾਰ ਚਲਾਨਾਂ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ ਅਦਾਲਤ ਨੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ 18 ਮਈ ਨੂੰ ਨਿਸ਼ਚਿਤ ਕੀਤੀ ਹੈ।

# ਲੱਖਾ ਸਿਧਾਣਾ ਦੇ ਭਰਾ ਦੀ ਕੁੱਟਮਾਰ ਦੇ ਮਾਮਲੇ ਵਿੱਚ ਦਿੱਲੀ ਪੁਲਸ ਤੋਂ ਜਵਾਬ ਤਲਬੀ

ਚੰਡੀਗੜ੍ਹ, 28 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਹਿੰਸਾ ਦੇ ਕੇਸ ਵਿੱਚਦੋਸ਼ੀ ਲਖਬੀਰ ਸਿੰਘ ਉਰਫ਼ ਲੱਖਾ ਸਿਧਾਣਾ ਦੇ ਭਰਾ ਗੁਰਦੀਪ ਸਿੰਘ ਨੇ ਦਿੱਲੀ ਪੁਲਸ ਦੇ ਸਪੈਸ਼ਲ ਸੈਲ ਖ਼ਿਲਾਫ਼ ਉਨ੍ਹਾਂ ਨੂੰ ਅਗਵਾ ਕਰਕੇ ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਰੱਖ ਕੇ ਕੁੱਟਮਾਰ ਕਰਨ ਦਾ ਦੋਸ਼ ਲਾਇਆ ਹੈ। ਇਸ ਬਾਰੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਦਿੱਲੀ ਪੁਲਸ ਨੂੰ ਨੋਟਿਸ ਜਾਰੀ ਕਰ ਕੇ ਦੋ ਹਫ਼ਤੇ ਵਿੱਚ ਜਵਾਬ ਮੰਗਿਆ ਹੈ।

ਪਟੀਸ਼ਨਰ ਵੱਲੋਂ ਪੈਰਵੀ ਕਰ ਰਹੇ ਵਕੀਲ ਅਰਸ਼ਦੀਪ ਸਿੰਘ ਚੀਮਾ ਨੇ ਕਿਹਾ ਕਿ ਹਾਈਕੋਰਟ ਨੇ ਇਨ੍ਹਾਂ ਦੋਸ਼ਾਂ ਨੂੰ ਗੰਭੀਰ ਦੱਸਿਆ ਹੈ। ਪਟੀਸ਼ਨਰ ਨੇ ਐਸ ਐਚ ਓ (ਅਰਬਨ ਅਸਟੇਟ) ਪਟਿਆਲਾ ਨੂੰ 12 ਅਪ੍ਰੈਲ ਨੂੰ ਦਿੱਤੇ ਬਿਆਨ ਤੋਂ ਬਾਅਦ ਉਸ ਨੂੰ ਦਿੱਲੀ ਪੁਲਸ ਵੱਲੋਂ ਅਗਵਾ ਕਰਨ, ਗੈਰ-ਕਾਨੂੰਨੀ ਢੰਗ ਨਾਲ ਹਿਰਾਸਤ ਵਿੱਚ ਲੈ ਕੇ ਤਸੀਹੇ ਦੇਣ ਦੇ ਕੇਸ ਦੀ ਸੁਤੰਤਰ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ। ਇਸ ਦੇ ਨਾਲ ਕਿਹਾ ਹੈ ਕਿ ਐਸ ਐਸ ਪੀ ਪਟਿਆਲਾ ਨੂੰ ਆਦੇਸ਼ ਦਿੱਤੇ ਜਾਣ ਕਿ ਅਗਵਾ, ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਰੱਖਣ ਦੇ ਦੋਸ਼ ਵਿੱਚ ਅਪਰਾਧਿਕ ਕੇਸ ਦਰਜ ਕਰਕੇ ਕਿਸੇ ਐਸ ਪੀ ਰੈਂਕ ਦੇ ਅਫ਼ਸਰ ਤੋਂ ਇਸ ਦੀ ਜਾਂਚ ਕਰਵਾਈ ਜਾਵੇ। ਇਸ ਕੇਸ ਵਿੱਚ ਦਿੱਲੀ ਪੁਲਸ ਦੇ ਸਪੈਸ਼ਲ ਸੈਲ ਦੇ ਡੀ ਸੀ ਪੀ, ਕਮਿਸ਼ਨਰ ਆਫ਼ ਪੁਲਸ, ਐਸ ਐਚ ਓ ਪਟਿਆਲਾ ਅਤੇ ਐਸ ਐਸ ਪੀ ਪਟਿਆਲਾ ਨੂੰ ਧਿਰ ਬਣਾ ਕੇ ਦਾਇਰ ਕੀਤੀਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਦਿੱਲੀ ਪੁਲਸ 26 ਜਨਵਰੀ ਨੂੰ ਵਾਪਰੀ ਘਟਨਾ ਦਾ ਲਾਭ ਲੈ ਕੇ ਪ੍ਰਦਰਸ਼ਨ ਕਰਦੇ ਕਿਸਾਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਪੰਜਾਬੀ ਯੂਨੀਵਰਸਿਟੀ ਤੋਂ ਬੀ ਪੀ ਐਡ ਕਰ ਰਹੇ ਪਟੀਸ਼ਨਰ ਨੂੰ ਅੱਠ ਅਪ੍ਰੈਲ ਨੂੰ ਦਿੱਲੀ ਪੁਲਸ ਦੀ ਸਪੈਸ਼ਲ ਸੈਲ ਵੱਲੋਂ ਕਥਿਤ ਤੌਰ ਉੱਤੇ ਅਗਵਾ ਕੀਤਾ ਗਿਆ ਸੀ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਬਲਵਿੰਦਰ ਸਿੰਘ ਸੰਧੂ ਹੱਤਿਆ ਕੇਸ :

# ਅੱਠ ਜਣਿਆਂ ਖਿਲਾਫ ਦੋਸ਼ ਪੱਤਰ ਐਨ ਆਈ ਏ ਅਦਾਲਤ ਵਿੱਚ ਪੇਸ਼

ਮੁਹਾਲੀ, 28 ਅਪ੍ਰੈਲ (ਪੋਸਟ ਬਿਊਰੋ)- ਕੌਮੀ ਜਾਂਚ ਏਜੰਸੀ ਨੇ ਸ਼ੌਰਿਆ ਚੱਕਰ ਐਵਾਰਡੀ ਕਾਮਰੇਡ ਬਲਵਿੰਦਰ ਸਿੰਘ ਸੰਧੂ ਦੇ ਕਤਲ ਵਿੱਚ ਸ਼ਮੂਲੀਅਤ ਲਈ ਪਾਬੰਦੀਸ਼ੁਦਾ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ ਐਲ ਐਫ) ਦੇ ਅੱਠ ਲੋਕਾਂ ਦੇ ਖਿਲਾਫ ਦੋਸ਼ ਪੱਤਰ ਦਾਖਲ ਕੀਤਾ ਹੈ। ਪੰਜਾਬ ਵਿੱਚ ਖਾੜਕੂਵਾਦ ਦੀ ਸਿਖਰ ਦੌਰਾਨ ਖਾੜਕੂਆਂ ਖਿਲਾਫ ਖੁੱਲ੍ਹ ਕੇ ਲੜਨ ਵਾਲੇ ਸੰਧੂ ਨੂੰ ਪਿਛਲੇ ਸਾਲ ਅਕਤੂਬਰ ਵਿੱਚ ਤਰਨ ਤਾਰਨ ਜ਼ਿਲ੍ਹੇ ਵਿੱਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਮੁਹਾਲੀ ਦੀ ਵਿਸ਼ੇਸ਼ ਐਨ ਆਈ ਏ ਕੋਰਟ ਵਿੱਚ ਦਾਖਲ ਦੋਸ਼ ਪੱਤਰ ਵਿੱਚ ਆਈ ਪੀ ਸੀ ਆਰਮਜ਼



ਐਕਟ ਤੇ ਗੈਰ ਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂ ਏ ਪੀ ਏ) ਦੀਆਂ ਵੱਖ-ਵੱਖ ਧਾਰਾਵਾਂ ਸ਼ਾਮਲ ਹਨ। ਐਨ ਆਈ ਏ ਅਧਿਕਾਰੀ ਨੇ ਕਿਹਾ ਕਿ ਦੋਸ਼ ਪੱਤਰ ਵਿੱਚ ਤਰਨ ਤਾਰਨ ਦੇ ਇੰਦਰਜੀਤ ਸਿੰਘ, ਗੁਰਦਾਸਪੁਰ ਦੇ ਸੁਖਦੀਪ ਸਿੰਘ, ਗੁਰਜੀਤ ਸਿੰਘ ਤੇ ਸੁਖਮੀਤ ਪਾਲ ਸਿੰਘ ਅਤੇ ਲੁਧਿਆਣਾ ਦੇ ਰਵਿੰਦਰ ਸਿੰਘ, ਆਕਾਸ਼ਦੀਪ ਅਰੋੜਾ ਤੇ ਜਗਰੂਪ ਸਿੰਘ ਦੇ ਨਾਂਅ ਹਨ। ਐਨ ਆਈ ਏ ਦੀ ਜਾਂਚ ਮੁਤਾਬਕ ਸੰਧੂ ਦਾ ਕਤਲ ਲੋਕਾਂ, ਖਾਸ ਕਰ ਕੇ ਖਾਲਿਸਤਾਨੀ ਵਿਚਾਰਧਾਰਾ ਦਾ ਵਿਰੋਧ ਕਰਨ ਵਾਲਿਆਂ ਦੇ ਮਨਾਂ ਵਿਚ ਦਹਿਸ਼ਤ ਪੈਦਾ ਕਰਨ ਲਈ ਕੀਤਾ ਗਿਆ ਸੀ। ਐਨ ਆਈ ਏ ਅਧਿਕਾਰੀ ਮੁਤਾਬਕ ਕਤਲ ਦੀ ਸਾਜ਼ਿਸ਼ ਸਰਹੱਦ ਪਾਰੋਂ ਪਾਕਿਸਤਾਨ ਵਿੱਚ ਕੇ ਐਲ ਐਫ ਦੇ ਮੁਖੀ ਲਖਵੀਰ ਸਿੰਘ ਰੋਡੇ ਨੇ ਘੜੀ ਸੀ ਤੇ ਵਿਦੇਸ਼ ਬੈਠੇ ਕੇ ਐਲ ਐਫ ਨੇ ਕਾਤਲਾਂ ਨੂੰ ਹਥਿਆਰ/ਗੋਲੀ ਸਿੱਕਾ ਤੇ ਫੰਡ ਭੇਜੇ ਸਨ ਅਤੇ ਸਥਾਨਕ ਗੈਂਗਸਟਰ ਸੁਖਮੀਤ ਪਾਲ ਸਿੰਘ ਨੇ ਆਪਣੇ ਕੁਝ ਸਾਥੀਆਂ ਦੀ ਮੱਦਦ ਨਾਲ ਇਹ ਵਾਰਦਾਤ ਕੀਤੀ ਸੀ।

# ਪੀ ਜੀ ਆਈ ਦੇ ਡਾਕਟਰ ਦੀ ਕੁੱਟ-ਮਾਰ ਕਰ ਕੇ ਕੱਪੜੇ ਪਾੜੇ

*** ਕਰਮਚਾਰੀ ਯੂਨੀਅਨ ਦੇ ਨੇਤਾ ਨੇ ਜ਼ਬਰਨ ਮੁਆਫ਼ੀ ਵੀ ਮੰਗਵਾਈ**

ਚੰਡੀਗੜ੍ਹ, 28 ਅਪ੍ਰੈਲ (ਪੋਸਟ ਬਿਊਰੋ)- ਪੀ ਜੀ ਆਈ ਚੰਡੀਗੜ੍ਹ ਦੇ ਰਿਸਰਚ ਬਲਾਕ ਵਿਚਲੀ ਦੁਕਾਨ ਵਿੱਚ ਆਏ ਇੱਕ ਸੀਨੀਅਰ ਡਾਕਟਰ ਨੂੰ ਪੀ ਜੀ ਆਈ ਕਰਮਚਾਰੀ ਯੂਨੀਅਨ ਦੇ ਇੱਕ ਵੱਡੇ ਨੇਤਾ ਅਤੇ ਹੋਰ ਕਰਮਚਾਰੀਆਂ ਨੇ ਮਾਰਕੁੱਟ ਕਰਕੇ ਉਨ੍ਹਾਂ ਦੇ ਕੱਪੜੇ ਪਾੜ ਦਿੱਤੇ ਤੇ ਫਿਰ ਉਨ੍ਹਾਂ ਤੋਂ ਜ਼ਬਰਨ ਮੁਆਫ਼ੀ ਮੰਗਵਾਈ ਗਈ।



ਇਸ ਦੀ ਸੋਸ਼ਲ ਮੀਡੀਆ ਉੱਤੇ ਵਾਇਰਲ ਵੀਡੀਓ ਵਿੱਚ ਨਿਊਰੋਲਾਜੀ ਦਾ ਉਕਤ ਸੀਨੀਅਰ ਡਾਕਟਰ ਦੁਕਾਨ ਵਿੱਚ ਖੜ੍ਹਾ ਵਿਖਾਈ ਦੇਂਦਾ ਹੈ। ਵੀਡੀਓ ਵਿੱਚ ਦੁਕਾਨ ਦੇ ਮੁਲਾਜ਼ਮਾਂ ਨਾਲ ਇੱਕ ਪੀ ਜੀ ਆਈ ਮੁਲਾਜ਼ਮ ਬਹਿਸ ਕਰ ਰਿਹਾ ਸੀ। ਮੌਕੇ ਉੱਤੇ ਪਹੁੰਚਿਆ ਡਾਕਟਰ ਉਸ ਕਰਮਚਾਰੀ ਨੂੰ ਸ਼ਾਂਤ ਰਹਿਣ ਲਈ ਕਹਿਣ ਲੱਗਾ ਤਾਂ ਇੱਕ ਮੁਲਾਜ਼ਮ ਨੇ ਡਾਕਟਰ ਨੂੰ ਹੀ ਧੱਕਾ ਮਾਰ ਦਿੱਤਾ। ਇਸ ਉੱਤੇ ਗੁੱਸੇ ਵਿੱਚ ਡਾਕਟਰ ਨੇ ਵੀ ਉਸ ਨੂੰ ਧੱਕੇ ਦੇ ਦਿੱਤੇ। ਗੱਲ ਵਧੀ ਤਾਂ ਕੁਝ ਦੇਰ ਬਾਅਦ ਪੀ ਜੀ ਆਈ ਕਰਮਚਾਰੀ ਯੂਨੀਅਨ ਦੇ ਨੇਤਾ ਉਥੇ ਆ ਗਏ ਤੇ ਡਾਕਟਰ ਉੱਤੇ ਹਮਲਾ ਕਰ ਦਿੱਤਾ। ਡਾਕਟਰ ਨੇ ਬਚਾਅ ਕੀਤਾ ਤਾਂ ਯੂਨੀਅਨ ਲੀਡਰ ਦੂਰ ਜਾ ਡਿੱਗਾ। ਇਸ ਪਿੱਛੋਂ ਉਥੇ ਖੜ੍ਹੇ ਕਰਮਚਾਰੀਆਂ ਨੇ ਡਾਕਟਰ ਉੱਤੇ ਹਮਲਾ ਕਰ ਦਿੱਤਾ। ਕੁਝ ਦੇਰ ਬਾਅਦ ਯੂਨੀਅਨ ਲੀਡਰ ਦਾ ਪੁੱਤਰ ਆਪਣੇ ਕਈ ਸਾਥੀਲੈ ਕੇ ਉਥੇ ਆਗਿਆ ਅਤੇ ਡਾਕਟਰ ਨੂੰ ਧਮਕੀਆਂ ਦਿੱਤੀਆਂ ਅਤੇ ਉਨ੍ਹਾਂ ਤੋਂ ਜ਼ਬਰਦਸਤੀ ਮੁਆਫੀ ਮੰਗਵਾਈ ਗਈ।

ਕਿਸੇ ਨੇ ਪੀ ਜੀ ਆਈ ਸਕਿਓਰਿਟੀ ਅਫ਼ਸਰ ਨੂੰ ਸੂਚਿਤ ਕੀਤਾ ਤਾਂ ਸਕਿਓਰਿਟੀ ਅਫ਼ਸਰ ਤੇ ਹੋਰ ਗਾਰਡ ਉਥੇ ਪਹੁੰਚ ਗਏ, ਜਿਨ੍ਹਾਂ ਨੇ ਮਾਮਲਾ ਰਫਾ-ਦਫਾ ਕਰਵਾ ਦਿੱਤਾ। ਪੀ ਜੀ ਆਈ ਦੇ ਸਕਿਓਰਿਟੀ ਇੰਚਾਰਜ ਐਸ ਸੀ ਸ਼ਰਮਾ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਹੀ ਨਹੀਂ। ਦੂਸਰੇ ਪਾਸੇ ਪੀ ਜੀ ਆਈ ਸੀਨੀਅਰ ਡਾਕਟਰ ਐਸੋਸੀਏਸ਼ਨ ਨੇਇਸਕੇਸ ਵਿੱਚ ਪੀ ਜੀ ਆਈ ਅਧਿਕਾਰੀਆਂ ਨੂੰ ਮਿਲ ਕੇ ਦੋਸ਼ੀਆਂ ਉੱਤੇਕਾਰਵਾਈ ਦੀ ਮੰਗ ਕੀਤੀ ਹੈ। ਪੀ ਜੀ ਆਈ ਪੁਲਸ ਪੋਸਟ ਦੇ ਇੰਚਾਰਜ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਨੇ ਕੋਈ ਸ਼ਿਕਾਇਤ ਨਹੀਂ ਦਿੱਤੀ। ਪੁਲਸ ਮੌਕੇ ਉੱਤੇ ਗਈ ਸੀ, ਪਰ ਤਦ ਤੱਕ ਮਾਮਲਾ ਰਫਾ-ਦਫਾ ਹੋ ਚੁੱਕਿਆ ਸੀ। ਪੁਲਸ ਅਨੁਸਾਰ ਯੂਨੀਅਨ ਲੀਡਰ ਦੇ ਬੇਟੇ ਦਾ ਡਾਕਟਰ ਨਾਲ ਵਿਵਾਦ ਹੋਇਆ ਸੀ। ਯੂਨੀਅਨ ਲੀਡਰ ਦਾ ਪੁੱਤਰ ਪਹਿਲਾਂ ਵੀ ਨਾਈਟ ਕਲੱਬ ਵਿੱਚ ਭਾਜਪਾ ਨੇਤਾ ਦੀ ਜਨਮਦਿਨ ਦੀ ਪਾਰਟੀ ਵਿੱਚ ਫਾਇਰਿੰਗ ਦੇ ਕੇਸ ਵਿੱਚ ਸ਼ਾਮਲ ਰਿਹਾ ਹੈ।

### ਨਾਜਾਇਜ਼ ਮਾਈਨਿੰਗ ਦੀ ਲੋਕੇਸ਼ਨ ਚੈਕ ਕਰਨ ਨਿਕਲੇ ਐਸ ਆਈ ਦੀ ਹਾਦਸੇ ਵਿੱਚ ਮੌਤ

ਤਰਨ ਤਾਰਨ, 28 ਅਪ੍ਰੈਲ (ਪੋਸਟ ਬਿਊਰੋ)- ਹਰੀਕੇ ਦਰਿਆ ਨੇੜਲੀ ਘਰਿਆਲਾ ਚੌਕੀ ਦੇ ਇਲਾਕੇ ਵਿੱਚ ਨਾਜਾਇਜ਼ ਮਾਈਨਿੰਗ ਦੀ ਲੋਕੇਸ਼ਨ ਚੈਕ ਕਰਨ ਗਏ ਇੰਚਾਰਜ ਐਸ ਆਈ ਅੰਮ੍ਰਿਤਪਾਲ ਸਿੰਘ ਦੀ ਗੱਡੀ ਕੱਲ੍ਹ ਰੁੱਖ ਨਾਲ ਟਕਰਾ ਗਈ। ਹਾਦਸੇ ਵਿੱਚ ਗੰਭੀਰ ਜ਼ਖਮੀ ਹੋਏ ਅੰਮ੍ਰਿਤਪਾਲ ਸਿੰਘ ਦੀ ਕੁਝ ਘੰਟੇ ਬਾਅਦ ਮੌਤ ਹੋ ਗਈ। ਇਹ ਹਾਦਸਾ ਪੱਟੀ ਤੋਂ ਦੋ ਕਿਲੋਮੀਟਰ ਪਿੱਛੇ ਪਿੰਡ ਕੈਰੋਂ ਦੇ ਮਾਹੀ ਰਿਜ਼ਾਰਟ ਦੇ ਨੇੜੇ ਹੋਇਆ। ਇਹ ਇਲਾਕਾ ਪੱਟੀ ਥਾਣੇ ਦੇ ਤਹਿਤ ਹੈ। 28 ਸਾਲਾ ਅੰਮ੍ਰਿਤਪਾਲ ਮੂਲ ਰੂਪ ’ਚ ਪਟਿਆਲੇ ਦੇ ਪਿੰਡ ਸੁਧੇਵਾਲ ਦੇ ਰਹਿਣ ਵਾਲੇ ਸਨ। ਪਰਿਵਾਰ ਉਨ੍ਹਾਂ ਦੇ ਵਿਆਹ ਦੇ ਲਈ ਲੜਕੀ ਲੱਭ ਰਿਹਾ ਸੀ। ਅੰਮ੍ਰਿਤਪਾਲ ਦੇ ਮਾਮਾ ਹਰਜੀਤ ਸਿੰਘ ਨੇ ਦੱਸਿਆ ਕਿ ਅੰਮ੍ਰਿਤ ਨੂੰ ਸੂਚਨਾ ਮਿਲੀ ਕਿ ਕੁਝ ਇਲਾਕਿਆਂ ਵਿੱਚ ਨਾਜਾਇਜ਼ ਮਾਈਨਿੰਗ ਕੀਤੀ ਜਾ ਰਹੀ ਹੈ। ਇਸ ਲਈ ਉਹ ਕੱਲ੍ਹ ਤੜਕੇ ਆਪਣੀ ਨਿੱਜੀ ਗੱਡੀ ਵਿੱਚ ਇੱਕ ਦੋਸਤ ਨਾਲ ਪੁਆਇੰਟ ਟ੍ਰੇਸ ਕਰਨ ਨਿਕਲੇ ਸਨ। ਤਰਨ ਤਾਰਨ-ਪੱਟੀ ਰੋਡ ਉੱਤੇ ਪੱਟੀ ਤੋਂ ਦੋ ਕਿਲੋਮੀਟਰ ਪਿੱਛੇ ਗੱਡੀ ਬੇਕਾਬੂ ਹੋ ਕੇ ਰੁੱਖ ਨਾਲ ਜਾ ਟਕਰਾਈ। ਹਾਦਸੇ ਵਿੱਚ ਅੰਮ੍ਰਿਤਪਾਲ ਦੀ ਮੌਤ ਹੋ ਗਈ। ਦੋਸਤ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।

# ਕਰੈਡਿਟ ਕੰਪਨੀ ਦੇ ਮੁਲਾਜ਼ਮਾਂ ਤੋਂ ਢਾਈ ਲੱਖ ਲੁੱਟੇ

ਗੁਰਦਾਸਪੁਰ, 28 ਅਪ੍ਰੈਲ (ਪੋਸਟ ਬਿਊਰੋ)- ਇੱਥੋਂ ਦੀ ਨਬੀਪੁਰ ਰੋਡ ਉੱਤੇ ਰੋਜ਼ ਐਵੇਨਿਊ ਵਿੱਚੋਂ ਦੁਪਹਿਰ ਸਮੇਂ ਦੋ ਅਣਪਛਾਤੇ ਹਥਿਆਰਬੰਦ ਲੁਟੇਰੇ ਦੋ ਨੌਜਵਾਨਾਂ ਤੋਂ ਕਰੀਬ ਢਾਈ ਲੱਖ ਰੁਪਏ ਲੁੱਟ ਕੇ ਫਰਾਰ ਹੋ ਗਏ। ਪੀੜਤ ਨੌਜਵਾਨ ਰਜਿੰਦਰ ਸਿੰਘ ਵਾਸੀ ਜੰਡਿਆਲਾ ਗੁਰੂ ਅਤੇ ਨਰੇਸ਼ ਸ਼ਰਮਾ ਵਾਸੀ ਪਠਾਨਕੋਟ ਨੇ ਦੱਸਿਆ ਕਿ ਉਹ ਪਿਛਲੇ ਕੁਝ ਮਹੀਨਿਆਂ ਤੋਂ ਸੈਟਿਨ ਕਰੈਡਿਟ ਕੇਅਰ ਨੈਟਵਰਕ ਲਿਮਟਿਡ ਵਿੱਚ ਰਿਕਵਰੀ ਦਾ ਕੰਮ ਕਰਦੇ ਹਨ। ਉਨ੍ਹਾਂ ਦੀ ਕੰਪਨੀ ਔਰਤਾਂ ਦੇ ਸੈਲਫ ਹੈਲਪ ਗਰੁੱਪਾਂ ਨੂੰ ਕਰਜ਼ਾ ਦੇਣ ਦਾ ਕੰਮ ਕਰਦੀ ਹੈ ਅਤੇ ਉਹ ਕਰਜ਼ਾ ਰਿਕਵਰੀ ਦਾ ਕੰਮ ਦੇਖਦੇ ਸਨ। ਉਨ੍ਹਾਂ ਦੱਸਿਆ ਕਿ ਕੱਲ੍ਹ ਦੁਪਹਿਰੇ ਉਹ ਦੋਵੇਂ ਕੰਪਨੀ ਦੇ ਦੋ ਲੱਖ 44 ਹਜ਼ਾਰ 133 ਰੁਪਏ ਬੈਗ ਵਿੱਚ ਪਾ ਕੇ ਬੈਂਕ ਵਿੱਚ ਜਮ੍ਹਾਂ ਕਰਵਾਉਣ ਚੱਲੇ ਸਨ। ਅਜੇ ਉਹ ਆਪਣੇ ਦਫਤਰ ਦੇ ਬਾਹਰ ਆਏ ਸਨ ਕਿ ਮੋਟਰ ਸਾਈਕਲ ਸਵਾਰ ਦੋ ਜਣਿਆਂ ਨੇ ਉਨ੍ਹਾਂ ਨੂੰ ਰੋਕ ਲਿਆ। ਇਨ੍ਹਾਂ ਨੇ ਆਪਣੇ ਮੂੰਹ ਬੰਨ੍ਹੇ ਹੋਏ ਤੇ ਹੱਥਾਂ ਵਿੱਚ ਤੇਜ਼ਧਾਰ ਹਥਿਆਰ ਫੜੇ ਹੋਏ ਸਨ। ਹਥਿਆਰਾਂ ਦੀ ਨੋਕ ਉੱਤੇ ਉਨ੍ਹਾਂ ਨੇ ਨਰੇਸ਼ ਕੁਮਾਰ ਦੇ ਹੱਥ ਵਿੱਚ ਫੜਿਆ ਬੈਗ ਖੋਹਿਆ ਤੇ ਫਰਾਰ ਹੋ ਗਏ।ਮੌਕੇ ਉੱਤੇ ਪਹੁੰਚੇ ਪੁਲਸ ਅਧਿਕਾਰੀਆਂ ਨੇ ਘਟਨਾ ਵਾਲੀ ਜਗ੍ਹਾ ਦੇ ਨੇੜੇ ਲੱਗੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਚੈਕ ਕੀਤੀ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਲੁਟੇਰਿਆਂ ਦੀ ਕੁਝ ਝਲਕ ਦੇਖਣ ਨੂੰ ਮਿਲੀ। ਪੁਲਸ ਨੇ ਤਿੰਨ ਟੀਮਾਂ ਬਣਾ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਲਾੜੇ ਨੂੰ ਕੋਰੋਨਾ ਹੋਣ ਕਾਰਨ ਲਾੜੇ-ਲਾੜੀ ਨੇ ਪੀ ਪੀ ਈ ਕਿੱਟ ਪਾ ਕੇ ਫੇਰੇ ਲਏ

ਰਤਲਾਮ, 28 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਦੇ ਭਾਰਤ ਵਿੱਚ ਵਧਦੇ ਕੇਸਾਂ ਕਾਰਨ ਕਈ ਰਾਜਾਂ ਵਿੱਚ ਲਾਕਡਾਊਨ ਲਾਇਆ ਗਿਆ ਹੈ। ਸਖਤੀ ਕਾਰਨ ਵਿਆਹਾਂ ਵਿੱਚ ਵੀ ਘੱਟ ਲੋਕ ਆ ਰਹੇ ਹਨ। ਅਜਿਹਾ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿੱਥੇ ਲਾੜਾ-ਲਾੜੀ ਨੇ ਪੀ ਪੀ ਈ ਕਿੱਟ ਪਹਿਨ ਕੇ ਸੱਤ ਫੇਰੇ ਲਏ।

ਮੱਧ ਪ੍ਰਦੇਸ਼ ਦੇ ਰਤਲਾਮ ਵਿੱਚ ਲਾੜਾ ਕੋਰੋਨਾ ਪਾਜ਼ੀਟਿਵ ਹੋ ਗਿਆ ਸੀ। ਰਤਲਾਮ ਦੇ ਤਸੀਲਦਾਰ ਨਵੀਨ ਗਰਗ ਨੇ ਕਿਹਾ ਕਿ ਲਾੜਾ 19 ਅਪ੍ਰੈਲ ਨੂੰ ਕੋਰੋਨਾ ਪਾਜ਼ੀਟਿਵ ਹੋ ਗਿਆ ਤਾਂ ਅਸੀਂ ਉਹ ਵਿਆਹ ਨੂੰ ਰੋਕਣ ਲਈ ਆਏ, ਪਰ ਉਚ ਅਧਿਕਾਰੀਆਂ ਦੇ ਕਹਿਣ ਉੱਤੇ ਵਿਆਹ ਕਰਵਾਇਆ ਗਿਆ। ਜੋੜੇ ਨੂੰ ਪੀ ਪੀ ਈ ਕਿੱਟ ਪਹਿਨਾਈ ਗਈ, ਤਾਂ ਕਿ ਇਨਫੈਕਸ਼ਨ ਨਾ ਫੈਲੇ। ਇੱਕ ਪਾਸੇ ਜਿੱਥੇ ਤੇਜ਼ੀ ਨਾਲ ਮਾਮਲੇ ਵਧ ਰਹੇ ਹਨ, ਉਸ ਸਮੇਂ ਵਿਆਹ ਦੇ ਵੀਡੀਓ ਨੂੰ ਦੇਖ ਕੇ ਲੋਕ ਹੈਰਾਨ ਰਹਿ ਗਏ ਅਤੇ ਉਨ੍ਹਾਂ ਨੇ ਵਿਆਹ ਉੱਤੇ ਸਵਾਲ ਖੜ੍ਹੇ ਕੀਤੇ। ਇੱਕ ਯੂਜ਼ਰ ਨੇ ਲਿਖਿਆ, ''ਇੰਤਜ਼ਾਰ ਵੀ ਕੀਤਾ ਜਾ ਸਕਦਾ ਸੀ। ਵਿਆਹ ਦੀ ਇੰਨੀ ਜਲਦੀ ਕਿਉਂ ਸੀ? ਜੇ ਕੋਈ ਪਾਜ਼ੀਟਿਵ ਹੋ ਗਿਆ, ਤਾਂ ਕੀ ਹੋਵੇਗਾ।''

ਸੁਪਰੀਮ ਕੋਰਟ ਨੇ ਕਿਹਾ:

# ਕੌਮੀ ਆਫ਼ਤ ਸਮੇਂ ਅਸੀਂ ਮੂਕ ਦਰਸ਼ਕ ਬਣ ਕੇ ਨਹੀਂ ਰਹਿ ਸਕਦੇ

ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਮਹਾਂਮਾਰੀ ਦੇ ਕਹਿਰ ਤੋਂ ਬਣੀ ਸਥਿਤੀ ਉੱਤੇ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਆਕਸੀਜਨ ਦੀ ਘਾਟ, ਵੈਕਸੀਨ ਦੀ ਕੀਮਤ, ਟੀਕਿਆਂ ਦੀ ਮੌਜੂਦਾਗੀ ਤੇ ਕੁਝ ਹੋਰ ਮੁੱਦਿਆਂ ਉੱਤੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਹੈ। ਇਸ ਬਾਰੇ ਸਰਕਾਰ ਨੇ ਕਿਹਾ ਕਿ ਉਹ ਕੱਲ੍ਹ ਤੱਕ ਸਭ ਗੱਲਾਂ ਦਾ ਜਵਾਬ ਦੇ ਸਕਦੀ ਹੈ। ਅਦਾਲਤ ਨੇ ਆਕਸੀਜਨ ਤੇ ਦਵਾਈਆਂ ਦੀ ਮੌਜੂਦਗੀ, ਵੈਕਸੀਨ ਦੀਆਂ ਵੱਖ-ਵੱਖ ਕੀਮਤਾਂ, ਹਸਪਤਾਲਾਂ ਵਿੱਚ ਬਿਸਤਰੇ ਵਧਾਉਣ ਸਮੇਤ ਹੋਰ ਮੁੱਦਿਆਂ ਉੱਤੇ ਕੇਂਦਰ ਨੂੰ 30 ਅਪ੍ਰੈਲ ਨੂੰ ਜਵਾਬ ਦੇਣ ਨੂੰ ਕਿਹਾ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਰਾਜ ਸਰਕਾਰਾਂ ਤੋਂ ਵੀ ਸਹੂਲਤਾਂ ਦੀ ਜਾਣਕਾਰੀ ਮੰਗੀ ਹੈ। ਕੋਰੋਨਾ ਸੰਕਟ ਨਾਲ ਨਜਿੱਠਣ ਲਈ ਰਾਸ਼ਟਰੀ ਯੋਜਨਾ ਬਾਰੇ ਸੁਣਵਾਈ ਦੌਰਾਨ ਜਸਟਿਸ ਡੀ ਵਾਈ ਚੰਦਰਚੂੜ ਨੇ ਕਿਹਾ ਕਿ ਸਾਨੂੰ ਲੱਗੇਗਾ ਕਿ



ਜ਼ਿੰਦਗੀਆਂ ਬਚਾਉਣ ਲਈ ਦਖ਼ਲ ਦੇਣਾ ਚਾਹੀਦੈ, ਤਾਂ ਅਸੀਂ ਇਹੋ ਕਰਾਂਗੇ। ਅਦਾਲਤ ਨੇ ਕਿਹਾ ਕਿ ਇਹ ਕੌਮੀ ਆਫ਼ਤ ਹੈ, ਅਸੀਂ ਮੂਕ ਦਰਸ਼ਕ ਬਣ ਕੇ ਨਹੀਂ ਰਹਿ ਸਕਦੇ। ਸੁਣਵਾਈ ਮੌਕੇ ਜਸਟਿਸ ਐਸ ਰਵਿੰਦਰ ਚੰਦਰ ਨੇ ਕੇਂਦਰ ਸਰਕਾਰ ਨੂੰ ਪੁੱਛਿਆ ਕਿ 'ਕੋਰੋਨਾ ਸੰਕਟ ਨਾਲ ਨਜਿੱਠਣ ਲਈ ਕੇਂਦਰ ਦੀ ਕੌਮੀ ਯੋਜਨਾ ਕੀ ਹੈ? ਕੀ ਟੀਕਾਕਰਨ ਹੀ ਮੁੱਖ ਬਦਲ ਹੈ?' ਸੁਪਰੀਮ ਕੋਰਟ ਨੇ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਪੁੱਛਿਆ ਕਿ ਕੇਂਦਰ ਨੇ ਇਸ ਬਾਰੇ ਕੀ ਕਦਮ ਚੁੱਕੇ ਹਨ ਤੇ ਕੀ ਯੋਜਨਾ ਬਣਾਈ ਹੈ। ਕੋਰਟ ਨੇ ਆਕਸੀਜਨ ਸਪਲਾਈ ਦੇ ਮੁੱਦੇ ਉੱਤੇ ਕਿਹਾ ਕਿ ਕੇਂਦਰ ਸਰਕਾਰ ਆਕਸੀਜਨ ਦੀ ਵਰਤਮਾਨ ਕੁੱਲ ਮੌਜੂਦਗੀ ਬਾਰੇ ਵੀ ਦੱਸੇ। ਜਸਟਿਸ ਚੰਦਰਚੂੜ ਨੇ ਕਿਹਾ ਕਿ ਆਕਸੀਜਨ ਦੀ ਸਪਲਾਈ, ਰਾਜਾਂ ਦੀ ਅਨੁਮਾਨਤ ਲੋੜ, ਕੇਂਦਰੀ ਪੂਲ ਵਿੱਚੋਂ ਆਕਸੀਜਨ ਵੰਡ ਦਾ ਆਧਾਰ, ਰਾਜਾਂ ਦੀ ਲੋੜ ਪੂਰੀ ਕਰਨ ਲਈ ਅਪਣਾਈ ਗਈ ਕਾਰਜਪ੍ਰਣਾਲੀ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ। ਅਦਾਲਤ ਨੇ ਕਿਹਾ ਕਿ ਇੱਕ ਐਫੀਡੇਵਿਟ ਰਾਹੀਂ ਕੇਂਦਰ ਸਰਕਾਰ ਵੈਕਸੀਨ ਦੀ ਕੀਮਤ ਤੈਅ ਕਰਨ ਦੇ ਆਧਾਰ ਬਾਰੇ ਵੀ ਦੱਸੇ।

ਕੇਂਦਰ ਸਰਕਾਰ ਵੱਲੋਂ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਆਕਸੀਜਨ ਦੀ ਕਮੀ ਤੇ ਮਹਾਂਮਾਰੀ ਦੇ ਪ੍ਰਬੰਧਾਂਬਾਰੇ ਕਿਹਾ ਕਿ ਅਸੀਂ ਸਥਿਤੀ ਨੂੰ ਬਹੁਤ ਸਾਵਧਾਨੀ ਨਾਲ ਸੰਭਾਲ ਰਹੇ ਹਾਂ ਤੇ ਇੱਕ ਉਚ-ਪੱਧਰੀ ਕਮੇਟੀ ਇਸ ਉੱਤੇ ਕੰਮ ਕਰ ਰਹੀ ਹੈ ਤੇ ਖੁਦ ਪ੍ਰਧਾਨ ਮੰਤਰੀ ਸਥਿਤੀ ਉੱਤੇ ਪੂਰੀ ਨਜ਼ਰ ਰੱਖ ਰਹੇ ਹਨ।

# ਦਿੱਲੀ ਦੇ ਸ਼ਮਸ਼ਾਨਾਂ ਵਿੱਚ ਦਾਹ ਸਸਕਾਰ ਲਈ 20 ਘੰਟੇ ਵੇਟਿੰਗ

ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਕੋਰੋਨਾ ਮਹਾਮਾਰੀ ਨਾਲ ਮੱਚੀ ਤਬਾਹੀ ਦਾ ਦ੍ਰਿਸ਼ ਸ਼ਮਸ਼ਾਨ ਘਾਟਾਂ ਉੱਤੇ ਲਗਾਤਾਰ ਦਿੱਸ ਰਿਹਾ ਹੈ। ਹਾਲਤ ਇਹ ਹੈ ਕਿ ਲੋਕਾਂ ਨੂੰ ਆਪਣੇ ਪਿਆਰਿਆਂ ਦੀਆਂ ਲਾਸ਼ਾਂ ਦਾ ਦਾਹ ਸਸਕਾਰ ਕਰਨ ਦੇ ਲਈ 20-20 ਘੰਟੇ ਤੱਕ ਉਡੀਕ ਕਰਨੀ ਪੈ ਰਹੀ ਹੈ।

ਇਥੋਂ ਦੇ ਇੱਕ ਸ਼ਮਸ਼ਾਨਘਾਟ ਉੱਤੇ ਕੱਲ੍ਹ ਪੰਜਾਹ ਸਿਵੇ ਬਲੇ, ਉਥੇ ਕਈ ਲਾਸ਼ਾਂ ਪਈਆਂ ਸਨ ਅਤੇ ਕਈ ਹੋਰ ਉਥੇ ਖੜੇ ਵਾਹਨਾਂ ਵਿੱਚ ਰੱਖੀਆਂ ਸਨ। ਕੋਰੋਨਾ ਕਾਰਨ ਜਾਨ



ਗਵਾਉਣ ਵਾਲੇ ਲੋਕਾਂ ਦੇ ਵਾਰਸ ਦਾਹ ਸਸਕਾਰ ਦੇ ਲਈ ਵਾਰੀ ਦੀ ਉਡੀਕ ਵਿੱਚ ਸਨ। 'ਮੈਸੀ ਫਿਊਨਰਲ' ਦੀ ਮਾਲਕਣ ਵਿਨੀਤਾ ਮੈਸੀ ਨੇ ਕਿਹਾ, ''ਮੈਂ ਆਪਣੇ ਜੀਵਨ ਵਿੱਚ ਕਦੀ ਇੰਨੇ ਖਰਾਬ ਹਾਲਾਤ ਨਹੀਂ ਦੇਖੇ। ਲੋਕ ਲਾਸ਼ਾਂ ਲੈ ਕੇ ਭਟਕ ਰਹੇ ਹਨ। ਦਿੱਲੀ ਦੇ ਲਗਭਗ ਸਾਰੇ ਸ਼ਮਸ਼ਾਨ ਘਾਟ ਲਾਸ਼ਾਂ ਨਾਲ ਭਰ ਚੁੱਕੇ ਹਨ।''ਅਧਿਕਾਰਤ ਅੰਕੜਿਆਂ ਅਨੁਸਾਰ ਇਸ ਮਹੀਨੇ 3,601 ਲੋਕਾਂ ਦੀ ਮੌਤ ਹੋਈ ਹੈ। ਇਨ੍ਹਾਂ ਵਿੱਚੋਂ 2,267 ਲੋਕਾਂ ਦੀ ਮੌਤ ਇੱਕ ਹਫਤੇ ਵਿੱਚ ਹੋਈ ਹੈ। ਆਪਣੇ ਪਰਿਵਾਰਕ ਜੀਅ ਜਾਂ ਰਿਸ਼ਤੇਦਾਰ ਦੇ ਅਚਾਨਕ ਗੁਜਰ ਜਾਣ ਦੇ ਗ਼ਮ ਵਿੱਚ ਡੁੱਬੇ ਲੋਕਾਂ ਨੂੰ ਇਹ ਦੁੱਖ ਵੀ ਹੈ ਕਿ ਉਹ ਆਪਣਿਆਂ ਨੂੰ ਆਖਰੀ ਵਿਦਾਈ ਨਹੀਂ ਦੇ ਸਕਦੇ।

## ਫੀਸ ਨਾ ਭਰਨ ਉਤੇ ਵਿਦਿਆਰਥੀ ਨੂੰ ਕਲਾਸ ਤੋਂ ਸਕੂਲ ਵਾਂਝਾ ਨਹੀਂ ਕਰ ਸਕਣਗੇ



ਕੋਲਕਾਤਾ, 28 ਅਪ੍ਰੈਲ (ਪੋਸਟ ਬਿਊਰੋ)- ਕਲਕੱਤਾ ਹਾਈ ਕੋਰਟ ਨੇ ਹੁਕਮ ਦਿੱਤਾ ਹੈ ਕਿ ਕੋਰੋਨਾ ਕਾਰਨ ਆਰਥਿਕ ਸੰਕਟ ਨਾਲ ਜੂਝ ਰਹੇ ਮਾਪੇ ਸਕੂਲ ਫੀਸ ਦੇਣ ਤੋਂ ਅਸਮਰਥ ਰਹੇ ਤਾਂ ਸਕੂਲ ਪ੍ਰਬੰਧਕ ਵਿਦਿਆਰਥੀ ਨੂੰ ਫਿਜੀਕਲੀ ਜਾਂ ਆਨਲਾਈਨ ਕਲਾਸ ਤੋਂ ਵਾਂਝਾ ਨਹੀਂ ਕਰ ਸਕਣਗੇ।

ਕੱਲ੍ਹ ਸਕੂਲ ਫੀਸ ਨਾਲ ਸਬੰਧਤ ਇੱਕ ਕੇਸ ਵਿੱਚ ਅੰਤ੍ਰਿਮ ਸੁਣਵਾਈ ਦੇ ਦੌਰਾਨ ਹਾਈ ਕੋਰਟ ਨੇ ਇਹ ਹੁਕਮ ਦਿੱਤਾ। ਹਾਈ ਕੋਰਟ ਵੱਲੋਂ ਜਾਰੀ ਨਿਰਦੇਸ਼ਾਂ ਵਿੱਚ ਇਹ ਯਕੀਨੀ ਕਰਨਨੂੰ ਕਿਹਾ ਕਿ ਇਸ ਹੁਕਮ ਦੀ ਕਿਸੇ ਤਰ੍ਹਾਂ ਵੀ ਦੁਰਵਰਤੋਂ ਨਾ ਹੋਵੇ।ਸਕੂਲਾਂ ਅਤੇ ਕਾਲਜਾਂ ਸਮੇਤ ਸਾਰੀਆਂ ਵਿਦਿਅਕ ਸੰਸਥਾਵਾਂ ਨੂੰ ਪਿਛਲੇ ਸਾਲ ਕੋਰੋਨਾ ਕਾਰਨ ਬੰਦ ਕਰ ਦਿੱਤਾ ਗਿਆ ਸੀ। ਜਦ ਸਥਿਤੀ ਕੁਝ ਠੀਕ ਹੋਈ ਤਾਂ ਕਈ ਕਲਾਸਾਂ ਸ਼ੁਰੂ ਕੀਤੀਆਂ ਗਈਆਂ। ਦੂਸਰੀ ਲਹਿਰ ਨੇ ਪੂਰੇ ਦੇਸ਼ ਵਿੱਚ ਸਥਿਤੀ ਨੂੰ ਤਗੜਾ ਝਟਕਾ ਦਿੱਤਾ ਤਾਂ ਫਿਰ ਤੋਂ ਆਨਲਾਈਨ ਕਲਾਸਾਂ ਸ਼ੁਰੂ ਹੋ ਗਈਆਂ। ਕਈ ਮਾਤਾ-ਪਿਤਾ ਕੋਰੋਨਾ ਸੰਕਟ ਕਾਰਨ ਵਿੱਤੀ ਸਮੱਸਿਆਵਾਂ ਤੋਂ ਪੀੜਤ ਹਨ। ਇਸ ਦਾ ਧਿਆਨ ਰੱਖ ਕੇ ਕਲਕੱਤਾ ਹਾਈ ਕੋਰਟ ਨੇ ਇਹ ਹੁਕਮ ਦਿੱਤਾ ਹੈ। ਕੋਰਟ ਨੇ ਦੱਸਿਆ ਕਿ ਫੀਸ ਉੱਤੇ 13 ਅਕਤੂਬਰ ਦਾ ਫੈਸਲਾ ਅਗਲੀ ਸੂਚਨਾ ਤੱਕ ਲਾਗੂ ਰਹੇਗਾ, ਜਿਸ ਵਿੱਚ ਕਿਹਾ ਸੀ ਕਿ ਮਾਤਾ-ਪਿਤਾ ਨੂੰ ਤੀਹ ਨਵੰਬਰ ਤੱਕ ਅੱਸੀ ਫੀਸਦੀ ਬਕਾਇਆ ਦੇਣਾ ਹੋਵੇਗਾ, ਨਹੀਂ ਤਾਂ ਸਕੂਲ ਅਧਿਕਾਰੀ ਇੱਛਾ ਅਨੁਸਾਰ ਕਾਰਵਾਈ ਕਰ ਸਕਣਗੇ।

ਮੁੱਖ ਮੰਤਰੀ ਖੱਟਰ ਦਾ ਵਿਵਾਦਤ ਬਿਆਨ :

## ਮਰਨ ਵਾਲਿਆਂ ਦੀ ਗਿਣਤੀ ਛੱਡੋ, ਇਸ ਨਾਲ ਮਰਿਆ ਬੰਦਾ ਪਰਤ ਕੇ ਨਹੀਂ ਆ ਜਾਣਾ

ਰੋਹਤਕ, 28 ਅਪ੍ਰੈਲ (ਪੋਸਟ ਬਿਊਰੋ)- ਹਰਿਆਣਾ ਸਰਕਾਰ ਉੱਤੇ ਕੋਰੋਨਾ ਨਾਲ ਹੁੰਦੀਆਂ ਮੌਤਾਂ ਦੇ ਅੰਕੜੇ ਲੁਕਾਉਣ ਦੇ ਦੋਸ਼ਾਂ ਉੱਤੇਓਥੋਂ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਇੱਕ ਵਿਵਾਦਿਤ ਬਿਆਨ ਦਿੱਤਾ ਹੈ।



ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਕੋਰੋਨਾ ਨਾਲ ਹੋਈਆਂ ਮੌਤਾਂ ਦੇ ਅੰਕੜੇ ਉੱਤੇ ਬਹਿਸ ਕਰਨ ਦੀ ਕੋਈ ਤੁਕ ਨਹੀਂ, ਇਸ ਨਾਲ ਮਰਿਆ ਵਿਅਕਤੀ ਵਾਪਸ ਨਹੀਂ ਆ ਜਾਣਾ, ਮਰੀਜ਼ਾਂ ਨੂੰ ਰਾਹਤ ਦੇਣ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਇਹ ਸਮਾਂ ਅੰਕੜਿਆਂ ਉੱਤੇ ਧਿਆਨ ਦੇਣ ਦਾ ਨਹੀਂ, ਜਿਸ ਦੀ ਮੌਤ ਹੋ ਗਈ, ਉਹ ਸਾਡੇ ਰੌਲਾ ਪਾਉਣ ਨਾਲ ਜੀਊਂਦਾ ਨਹੀਂ ਹੋ ਜਾਣਾਂ।' ਉਨ੍ਹਾਂ ਨੇ ਕਿਹਾ ਕਿ ਸਾਡਾ ਪੂਰਾ ਧਿਆਨ ਇਸ ਗੱਲ ਉੱਤੇ ਹੋਣਾ ਚਾਹੀਦਾ ਹੈ ਕਿ ਕਿਵੇਂ ਮਰੀਜ਼ਾਂ ਤੱਕ ਸਿਹਤ ਸਹੂਲਤਾਂ ਪਹੁੰਚਾਈਆਂ ਜਾਣ। ਅਸੀਂ ਇਸ ਉੱਤੇ ਪੂਰਾ ਧਿਆਨ ਦੇ ਰਹੇ ਹਾਂ।

ਵਿਰੋਧੀ ਧਿਰ ਕਾਂਗਰਸ ਨੇ ਮੁੱਖ ਮੰਤਰੀ ਖੱਟਰ ਦੇ ਬਿਆਨ ਦੀ ਨਿੰਦਾ ਕੀਤੀ। ਪਾਰਟੀ ਜਨਰਲ ਸਕੱਤਰ ਰਣਦੀਪ ਸਿੰਘ ਸੂਰਜੇਵਾਲਾ ਨੇ ਕਿਹਾ, 'ਇਹ ਸਿਰਫ਼ ਜ਼ਾਲਮ ਸ਼ਾਸਕ ਦੇ ਸ਼ਬਦ ਹੋ ਸਕਦੇ ਹਨ। ਉਨ੍ਹਾ ਨੇ ਕਿਹਾ, ''ਹਰ ਮੌਤ ਸਰਕਾਰ ਦੀ ਮਾੜੀ ਕਾਰਜ ਕੁਸ਼ਲਤਾ ਦਾ ਨਤੀਜਾ ਹੈ। ਇਸ ਲਈ ਉਨ੍ਹਾਂ ਉੱਤੇ ਸ਼ੋਰ ਮਚਾਉਣਾ ਜ਼ਰੂਰੀ ਹੈ, ਤਾਂ ਕਿ ਬੋਲੀ ਭਾਜਪਾ ਸਰਕਾਰ ਉਸ ਦੀ ਆਵਾਜ਼ ਸੁਣ ਸਕੇ।'' ਮੁੱਖ ਮੰਤਰੀ ਖੱਟਰ ਨੇ ਕਿਹਾ ਕਿ ''ਕੌਣ ਜਾਣਦਾ ਸੀ ਕਿ ਮਹਾਂਮਾਰੀ ਆਵੇਗੀ, ਨਾ ਤੁਸੀਂ, ਨਾ ਅਸੀਂ। ਇਸ ਦਾ ਮੁਕਾਬਲਾ ਕਰਨ ਲਈ ਸਾਨੂੰ ਸਾਰਿਆਂ ਦਾ ਸਹਿਯੋਗ ਚਾਹੀਦਾ ਹੈ।''

## ਚੋਣ ਕਮਿਸ਼ਨ ਨੇ ਚੋਣ ਨਤੀਜਿਆਂ ਪਿੱਛੋਂ ਜੇਤੂ ਜਲੂਸਾਂ ਉੱਤੇ ਰੋਕ ਲਾਈ

ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਚੋਣ ਕਮਿਸ਼ਨ ਨੇ ਭਾਰਤ ਵਿੱਚ ਕੋਰੋਨਾ ਮਹਾਮਾਰੀ ਕਾਰਨ ਗੰਭੀਰ ਹਾਲਾਤ ਦੇ ਕਾਰਨ ਚਾਰ ਰਾਜਾਂ ਤੇ ਇੱਕ ਕੇਂਦਰ ਸ਼ਾਸਤ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਪਿੱਛੋਂ ਜੇਤੂ ਜਲੂਸ ਕੱਢਣ ਉੱਤੇ ਕੱਲ੍ਹ ਪਾਬੰਦੀ ਲਾ ਦਿੱਤੀ ਹੈ। ਅਸਾਮ, ਤਾਮਿਲ ਨਾਡੂ, ਕੇਰਲਾ ਅਤੇ ਪੁੱਡੂਚੇਰੀ ਵਿੱਚ ਦੋ ਮਈ ਨੂੰ ਤੇ ਪੱਛਮੀ ਬੰਗਾਲ ਵਿੱਚ 6 ਮਈ ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਪੱਛਮੀ ਬੰਗਾਲ ਵਿੱਚ ਅਜੇ ਅੱਠਵੇਂ ਤੇ ਆਖਰੀ ਗੇੜ ਲਈ ਵੋਟਾਂ 29 ਅਪ੍ਰੈਲ ਨੂੰ ਪੈਣੀਆਂ ਹਨ, ਜਦ ਕਿ ਬਾਕੀ ਚਾਰ ਰਾਜਾਂ ਵਿੱਚ ਵੋਟਿੰਗ ਮੁਕੰਮਲ ਹੋ ਚੁੱਕੀ ਹੈ।



ਕਮਿਸ਼ਨ ਨੇ ਸਾਰੇ ਰਾਜਾਂਅਤੇ ਯੂਟੀਜ਼ ਦੇ ਮੁੱਖ ਚੋਣ ਅਧਿਕਾਰੀਆਂ ਨੂੰ ਜਾਰੀ ਹੁਕਮਾਂ ਵਿੱਚ ਕਿਹਾ ਹੈ, ''ਪੂਰੇ ਦੇਸ਼ ਵਿੱਚ ਕੋਵਿਡ-19 ਦੇ ਕੇਸਾਂ ਵਿੱਚ ਵਾਧੇ ਕਾਰਨ ਚੋਣ ਕਮਿਸ਼ਨ ਨੇ ਫੈਸਲਾ ਲਿਆ ਹੈ ਕਿ ਵੋਟਾਂ ਦੀ ਗਿਣਤੀ ਦੌਰਾਨ ਵਧੇਰੇ ਸਖਤੀ ਅਮਲ ਵਿੱਚ ਲਿਆਂਦੀ ਜਾਵੇ। ਦੋ ਮਈ ਨੂੰ ਵੋਟਾਂ ਦੀ ਗਿਣਤੀ ਪਿੱਛੋਂ ਕਿਸੇ ਵੀ ਜੇਤੂ ਜਲੂਸ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।''ਕਮਿਸ਼ਨ ਨੇ ਇਹ ਵੀ ਕਿਹਾ ਕਿ ਜਿੱਤ ਦਾ ਸਰਟੀਫਿਕੇਟ ਹਾਸਲ ਕਰਨ ਲਈ ਜੇਤੂ ਉਮੀਦਵਾਰ ਜਾਂ ਉਸ ਵੱਲੋਂ ਅਧਿਕਾਰਤ ਵਿਅਕਤੀ ਦੇ ਨਾਲ ਦੋ ਤੋਂ ਵੱਧ ਲੋਕਾਂ ਨੂੰ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ।

ਇੱਕ ਦਿਨ ਪਹਿਲਾਂ ਮਦਰਾਸ ਹਾਈ ਕੋਰਟ ਵੱਲੋਂ ਚੋਣ ਕਮਿਸ਼ਨ ਦੇ ਖਿਲਾਫ ਕੀਤੀਆਂ ਸਖਤ ਟਿੱਪਣੀਆਂ ਪਿੱਛੋਂ ਚੋਣ ਕਮਿਸ਼ਨ ਨੇ ਜੇਤੂ ਰੈਲੀਆਂ ਉੱਤੇ ਪਾਬੰਦੀ ਲਾਈ ਹੈ। ਅਦਾਲਤ ਨੇ ਕਿਹਾ ਸੀ ਕਿ ਦੇਸ਼ ਵਿੱਚ ਕੋਰੋਨਾ ਦੀ ਦੂਸਰੀ ਲਹਿਰ ਆਉਣ ਲਈ ਚੋਣ ਕਮਿਸ਼ਨ ਇੱਕੋ-ਇੱਕ ਜ਼ਿੰਮੇਵਾਰ ਸੰਸਥਾ ਹੈ। ਹਾਈ ਕੋਰਟ ਨੇ ਕਮਿਸ਼ਨ ਨੂੰ 'ਗੈਰ ਜ਼ਿੰਮੇਵਾਰ ਸੰਸਥਾ' ਕਰਾਰ ਦਿੰਦਿਆਂ ਕਿਹਾ ਸੀ ਕਿ ਇਸ ਦੇ ਅਧਿਕਾਰੀਆਂ ਖਿਲਾਫ ਕਤਲ ਦਾ ਕੇਸ ਚਲਾਇਆ ਜਾ ਸਕਦਾ ਹੈ। ਜੱਜਾਂ ਨੇ ਜ਼ੁਬਾਨੀ ਤੌਰ ਉੱਤੇ ਕਿਹਾ ਸੀ ਕਿ ਉਹ ਦੋ ਮਈ ਨੂੰ ਵੋਟਾਂ ਦੀ ਗਿਣਤੀ ਉੱਤੇ ਰੋਕ ਲਾਉਣ ਤੋਂ ਵੀ ਗੁਰੇਜ਼ ਨਹੀਂ ਕਰਨਗੇ। ਬੈਂਚ ਨੇ ਚੋਣ ਕਮਿਸ਼ਨ ਨੂੰ ਹਦਾਇਤ ਕੀਤੀ ਸੀ ਕਿ ਉਹ ਵੋਟਾਂ ਦੀ ਗਿਣਤੀ ਵਾਲੇ ਦਿਨ ਅਪਣਾਏ ਜਾਣ ਵਾਲੇ ਕੋਵਿਡ-19 ਪ੍ਰੋਟੋਕਾਲ ਨਾਲ ਸਬੰਧਤ ਖਾਕੇ ਬਾਰੇ ਵੇਰਵੇ ਸਮੇਤ ਰਿਪੋਰਟ ਤੀਹ ਅਪ੍ਰੈਲ ਤੱਕ ਅਦਾਲਤ ਵਿੱਚ ਪੇਸ਼ ਕਰੇ। ਚੋਣ ਕਮਿਸ਼ਨ ਨੇ ਵੋਟਾਂ ਦੀ ਗਿਣਤੀ ਵਾਲੇ ਕਮਰੇ ਵਿੱਚ ਸੀਟਾਂ ਦੀ ਗਿਣਤੀ ਘਟਾ ਦਿੱਤੀ ਤੇ ਕਿਹਾ ਹੈ ਕਿ ਵੋਟ ਗਿਣਤੀ ਵਾਲੇ ਕਮਰੇ ਵਿੱਚ ਸਮਰੱਥਾ ਦੇ ਮੁਕਾ-ਬਲੇ ਪੰਜਾਹ ਫੀਸਦੀ ਲੋਕ ਹੀ ਮੌਜੂਦ ਰਹਿਣਗੇ।

## ਲੰਡਨ ਦੇ ਸ਼ਹਿਰ ਹੇਜ਼ ਵਿੱਚ ਬਲਜੀਤ ਸਿੰਘ ਕਤਲ ਕੇਸ ਵਿੱਚ ਮਨਪ੍ਰੀਤ ਨੇ ਗੁਨਾਹ ਕਬੂਲਿਆ

ਲੰਡਨ, 28 ਅਪ੍ਰੈਲ (ਪੋਸਟ ਬਿਊਰੋ)- ਪੱਛਮੀ ਲੰਡਨ ਦੇ ਇਲਾਕੇ ਹੇਜ਼ ਵਿੱਚ 25 ਅਪ੍ਰੈਲ 2020 ਨੂੰ ਅਕਸਬ੍ਰਿਜ਼ ਰੋਡ ਉਤੇ ਕਤਲ ਹੋਏ ਪੰਜਾਬੀ ਮੂਲ ਦੇ 37 ਸਾਲਾ ਬਲਜੀਤ ਸਿੰਘ ਦੇ ਕਤਲ ਦੇ ਦੋਸ਼ ਵਿੱਚ 21 ਸਾਲਾ ਪੰਜਾਬੀ ਮਨਪ੍ਰੀਤ ਸਿੰਘ ਨੇ ਕੱਲ੍ਹ ਆਈਜ਼ਲਵਰਥ ਕਰਾਊਨ ਕੋਰਟ ਵਿੱਚਕੇਸ ਦੇ ਦੂਜੇ ਦਿਨ ਹੀ ਮੰਨ ਲਏ।



ਦੋਸ਼ੀ ਮਨਪ੍ਰੀਤ ਸਿੰਘ।

ਮਨਪ੍ਰੀਤ ਸਿੰਘ ਹਮਲੇ ਤੋਂ ਕੁਝ ਹਫਤੇ ਪਹਿਲਾਂ ਇੱਕ ਹੋਰ ਦੋਸਤ ਰਾਹੀਂ ਬਲਜੀਤ ਨੂੰ ਮਿਲਿਆ ਸੀ, ਜਦੋਂ ਉਹ ਬ੍ਰਮਿੰਘਮ ਤੋਂ ਲੰਡਨ ਆਇਆ ਸੀ ਤੇ ਦੋਵੇਂ ਕੰਮ ਦੀ ਭਾਲ ਵਿੱਚ ਸਨ। ਮਨਪ੍ਰੀਤ ਨੂੰ ਜ਼ਿਆਦਾ ਸ਼ਰਾਬ ਪੀਣ ਦੀ ਆਦਤ ਸੀ ਤੇ ਆਪਣੇ ਦੋਸਤ ਨਾਲ ਸੜਕਾਂ ਉੱਤੇ ਰਹਿੰਦਾ ਸੀ। 25 ਅਪ੍ਰੈਲ 2020 ਦੀ ਸ਼ਾਮ ਤਿੰਨਾ ਨੇ ਹੇਜ਼ ਦੀ ਆਕਸਬ੍ਰਿਜ ਰੋਡ ਦੇ ਇੱਕ ਸਥਾਨ ਉੱਤੇ ਇਕੱਠੇ ਸ਼ਰਾਬ ਪੀਤੀ। ਸੀ ਸੀ ਟੀ ਵੀ ਫੁਟੇਜ ਵਿੱਚ ਉਨ੍ਹਾਂ ਤਿੰਨਾਂ ਨੂੰ ਇਕੱਠੇ ਤੁਰਦੇ ਹੋਏ ਵੇਖਿਆ ਗਿਆ ਅਤੇ ਰਾਤ 10 ਵਜੇ ਤੋਂ ਬਾਅਦ ਹੀ ਮਨਪ੍ਰੀਤ ਸਿੰਘ ਅਤੇ ਬਲਜੀਤ ਸਟੇਸ਼ਨ ਰੋਡ ਦੀ ਇੱਕ ਗਲੀ ਵਿੱਚ ਦਾਖ਼ਲ ਹੋਏ, ਜਿੱਥੇ ਮਨਪ੍ਰੀਤ ਨੇ ਉਸ ਉੱਤੇ ਜਾਨਲੇਵਾ ਹਮਲਾ ਕੀਤਾ। ਬਲਜੀਤ ਨੂੰ ਰਾਤ 10.45 ਵਜੇ ਇੱਕ ਰਾਹਗੀਰ ਨੇ ਵੇਖ ਕੇ ਲੰਡਨ ਐਂਬੂਲੈਂਸ ਬੁਲਾਈ, ਪਰ ਉਸ ਦੀ ਜਾਨ ਨਹੀਂ ਬਚ ਸਕੀ। ਪੋਸਟਮਾਰਟਮ ਜਾਂਚ ਤੋਂ ਪਤਾ ਲੱਗਾ ਕਿ ਬਲਜੀਤ ਦੀ ਗਰਦਨ ਦੀਆਂ ਹੱਡੀਆਂ ਤੇ ਪੱਸਲੀਆਂ ਟੁੱਟੀਆਂ ਸਨ ਅਤੇ 20 ਦੇ ਕਰੀਬ ਸੱਟਾਂ ਲੱਗੀਆਂ ਸਨ। ਮਨਪ੍ਰੀਤ ਸਿੰਘ ਨੇ ਗ੍ਰਿਫ਼ਤਾਰੀ ਵੇਲੇ ਕਤਲ ਤੋਂ ਇਨਕਾਰ ਕੀਤਾ ਅਤੇ ਸੀ ਸੀ ਟੀ ਵੀ ਫੁਟੇਜ ਦਿਖਾਏ ਜਾਣ ਪਿੱਛੋਂ ਉਸ ਨੇ ਆਪਣੀ ਕਹਾਣੀ ਬਦਲੀ, ਪਰ ਕੱਲ੍ਹ ਆਈਜ਼ਲਵਰਥ ਅਦਾਲਤ ਵਿੱਚਕੇਸ ਦੇ ਦੂਜੇ ਦਿਨ ਹੀ ਦੋਸ਼ਾਂ ਨੂੰ ਮੰਨ ਲਿਆ।

ਯੂਰਪੀ ਕਮਿਸ਼ਨ ਦੀ ਮਹਿਲਾ ਪ੍ਰਮੁੱਖ ਦਾ ਦਰਦ:

# ਤੁਰਕੀ ਰਾਸ਼ਟਰਪਤੀ ਨਾਲ ਬੈਠਕ 'ਚ ਕੁਰਸੀ ਨਹੀਂ ਮਿਲੀ

ਬਰੱਸਲਸ, 28 ਅਪ੍ਰੈਲ (ਪੋਸਟ ਬਿਊਰੋ)- ਯੂਰਪੀ ਕਮਿਸ਼ਨ ਦੀ ਪਹਿਲੀ ਔਰਤ ਪ੍ਰਮੁੱਖ ਉਰਸੁਲਾ ਵਾਨ ਡੇਰ ਲੇਏਨ ਨੇ ਇਸੇ ਮਹੀਨੇ ਤੁਰਕੀ ਵਿੱਚ ਹੋਈ ਘਟਨਾ ਬਾਰੇ ਆਪਣਾ ਦਰਦ ਬਿਆਨ ਕੀਤਾ ਹੈ।

ਉਰਸੁਲਾ ਅਤੇ ਯੂਰਪੀਅਨ ਕੌਂਸਲ ਦੇ ਪ੍ਰਮੁੱਖ ਚਾਰਲਸ ਮਿਚੇਲ ਨੇ ਤੁਰਕੀ ਦੇ ਰਾਸ਼ਟਰਪਤੀ ਐਡਰੋਗਨ ਨਾਲ ਮੁਲਾਕ-ਾਤ ਕੀਤੀ ਸੀ। ਇਸ ਮੌਕੇ ਮੀਟਿੰਗ ਹਾਲ ਵਿੱਚ ਸਿਰਫ ਦੋ ਕੁਰਸੀਆਂ ਸਨ, ਜਿਨ੍ਹਾਂ ਉੱਤੇ ਐਡਰੋਗਨ ਅਤੇ ਮਿਚੇਲ ਬੈਠ ਗਏ ਅਤੇ ਉਰਸੁਲਾ ਖੜ੍ਹੀ ਰਹਿ ਗਈ। ਉਨ੍ਹਾਂ ਨੂੰ ਕੁਰਸੀ ਤੱਕ ਆਫਰ ਨਹੀਂ ਕੀਤੀ ਗਈ। ਉਰਸੁਲਾ ਨੂੰ ਮਜਬੂਰਨ ਸੋਫੇ ਉੱਤੇ ਬੈਠਣਾ ਪਿਆ। ਇਸ ਨੂੰ ਯਾਦ ਕਰ ਕੇ ਉਨ੍ਹਾਂ ਨੇ ਯੂਰਪੀ ਪਾਰਲੀਮੈਂਟ ਵਿੱਚ ਬੇਹੱਦ ਭਾਵੁਕ ਭਾਸ਼ਣ ਦਿੱਤਾ ਅਤੇ

* ਔਰਤ ਹੋਣ ਕਾਰਨ ਏਦਾਂ ਹੋਇਆ, ਮੈਂ ਇਕੱਲੀ ਰਹਿ ਗਈ: ਉਰਸੁਲਾ



ਕਿਹਾ, ''ਜਦ ਤੁਰਕੀ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਮੌਕੇ ਮੇਰੇ ਸਹਿਯੋਗੀ ਮਿਚੇਲ ਨੇ ਇਕਲੌਤੀ ਬਚੀ ਕੁਰਸੀ ਲੈ ਲਈ ਤਾਂ ਮੈਂ ਕਾਫੀ ਪ੍ਰੇਸ਼ਾਨ ਹੋਈ। ਮੈਂ ਸੂਟ-ਬੂਟ ਪਹਿਨੇ ਮਰਦਾਂ ਵਿਚਾਲੇ ਬਿਲਕੁਲ ਇਕੱਲੀ ਰਹਿ ਗਈ ਸੀ। ਕੇਵਲ ਇੱਕ ਔਰਤ ਹੋਣ ਕਾਰਨ ਮੇਰੇ ਨਾਲ ਇੰਨਾ ਬੁਰਾ ਸਲੂਕ ਕੀਤਾ ਗਿਆ। ਮੈਂ ਯੂਰਪੀ ਕਮਿਸ਼ਨ ਦੀ ਚੇਅਰਪਰਸਨ ਬਣਨ ਵਾਲੀ ਪਹਿਲੀ ਔਰਤ ਹਾਂ। ਮੈਨੂੰ ਇਸ ਵਤੀਰੇ ਦੀ ਆਸ ਨਹੀਂ ਸੀ, ਪਰ ਇਹ ਹੋਇਆ। ਇਹ ਇਸ ਲਈ ਹੋਇਆ ਕਿ ਮੈਂ ਔਰਤ ਹਾਂ। ਜੇ ਮੈਂ ਸੂਟ-ਬੂਟ ਅਤੇ ਟਾਈ ਪਹਿਨੀ ਹੁੰਦੀ ਤਾਂ ਕੀ ਅਜਿਹਾ ਹੁੰਦਾ? ਚੰਗਾ ਹੋਇਆ ਕਿ ਉਥੇ ਕੈਮਰਾ ਸੀ। ਇਸ ਦੇ ਫੋਟੋ ਤੇ ਵੀਡੀਓ ਪੂਰੀ ਦੁਨੀਆ ਨੇ ਦੇਖੇ। ਉਨ੍ਹਾਂ ਵਿੱਚ ਨਾ ਕਿਸੇ ਹੈਡਲਾਈਨ ਦੀ, ਨਾ ਕਿਸੇ ਸਬਟਾਈਟਲ ਅਤੇ ਨਾ ਕਿਸੇ ਟ੍ਰਾਂਸਲੇਸ਼ਨ ਦੀ ਜ਼ਰੂਰਤ ਸੀ, ਉਸ ਫੋਟੋਗਰਾਫ ਨੇ ਦੁਨੀਆ ਨੂੰ ਖੁਦ ਸਭ ਕੁਝ ਦੱਸ ਦਿੱਤਾ।''ਉਰਸੁਲਾ ਨੇ ਕਿਹਾ: ਇੱਥੇ ਗੱਲ ਕਿਸੇ ਪ੍ਰੋਟੋਕੋਲ ਜਾਂ ਕੁਰਸੀ ਦੀ ਨਹੀਂ, ਬਲਕਿ ਇਹ ਦਿਖਾਉਣ ਲਈ ਹੈ ਕਿ ਅਸੀਂ ਕੌਣ ਹਾਂ। ਇਹ ਉਨ੍ਹਾਂ ਕਦਰਾਂ ਕੀਮਤਾਂ ਦਾ ਮਾਮਲਾ ਹੈ, ਜਿਸ ਲਈ ਦੁਨੀਆ ਅਤੇ ਅਸੀਂ ਖੜ੍ਹੇ ਹਾਂ, ਪਰ ਇਸ ਘਟਨਾ ਤੋਂ ਪਤਾ ਲੱਗਦਾ ਹੈ ਕਿ ਔਰਤਾਂ ਨਾਲ ਹਮੇਸ਼ਾ ਹਰ ਜਗ੍ਹਾ ਅਜਿਹਾ ਰਵੱਈਆ ਹੁੰਦਾ ਹੈ।

## ਪਾਕਿਸਤਾਨ ਕੋਲਕਣਕ ਦਾ ਸਟਾਕ ਸਿਰਫ਼ ਤਿੰਨ ਹਫ਼ਤੇ ਲਈ ਬਚਿਆ

ਲਾਹੌਰ, 28 ਅਪ੍ਰੈਲ (ਪੋਸਟ ਬਿਊਰੋ)- ਕੋਈ ਮੰਨੇ ਜਾਂ ਨਾ, ਪਰ ਸੱਚਾਈ ਹੈ ਕਿ ਇਸ ਸਮੇਂ ਪਾਕਿ-ਸਤਾਨ ਕੋਲ ਕਣਕ ਦਾ ਸਟਾਕ ਸਿਰਫ ਤਿੰਨ ਹਫ਼ਤੇ ਲਈ ਰਹਿ ਗਿਆ ਹੈ। ਇਹ ਵੀ ਅਪ੍ਰੈਲ ਦੇ ਅੰਤ ਤੱਕ ਕਣਕ ਦੀ ਪੈਦਾਵਾਰ ਨੂੰ ਸ਼ਾਮਲ ਕਰਨ ਤੋਂ ਬਾਅਦ ਅੰਕੜਾ ਸਾਹਮਣੇ ਆਇਆ ਹੈ।

ਜਾਣਕਾਰ ਸੂਤਰਾਂ ਅਨੁਸਾਰ ਪਾਕਿ-ਸਤਾਨ ਵਿੱਚ ਕਣਕ ਦੀ ਘੱਟ ਹੋਈ ਪੈਦਾਵਾਰ ਕਾਰਨ ਇਹ ਹਾਲਤ ਹੈ। ਇਸ ਸਮੇਂ ਪਾਕਿਸਤਾਨ ਕੋਲ 6,47,687 ਮੀਟ੍ਰਿਕ ਟਨ ਕਣਕ ਦਾ ਸਟਾਕ ਹੈ, ਜੋ ਮਸਾਂ ਢਾਈ ਹਫ਼ਤੇ ਲਈ ਹੈ, ਪਰ ਅਪ੍ਰੈਲ ਦੇ ਅੰਤ ਤੱਕ ਕਣਕ ਦੀ ਪੈਦਾਵਾਰ ਨੂੰ ਸ਼ਾਮਲ ਕਰ ਲਿਆ ਜਾਵੇ ਤਾਂ ਇਹ ਸਟਾਕ ਤਿੰਨ ਹਫ਼ਤੇ ਲਈ ਹੈ। ਪਾਕਿਸਤਾਨ ਦੇ ਪੰਜਾਬ ਸੂਬੇ ਕੋਲ ਕਰੀਬ ਚਾਰ ਲੱਖ ਮੀਟ੍ਰਿਕ ਟਨ ਕਣਕ ਹੈ, ਸਿੰਧ ਪ੍ਰਾਂਤ ਕੋਲ 57 ਹਜ਼ਾਰ ਮੀਟ੍ਰਿਕ ਟਨ, ਖੈਬਰ ਪਖਤੂਨਖਵਾਂ ਕੋਲ 58 ਹਜ਼ਾਰ ਮੀਟ੍ਰਿਕ ਟਨ ਅਤੇ ਹੋਰ ਸਾਧਨਾਂ ਕੋਲ 1 ਲੱਖ 40 ਹਜ਼ਾਰ ਮੀਟ੍ਰਿਕ ਟਨ ਕਣਕ ਹੈ।

ਬਲੋਚਸਤਾਨ ਸੂਬੇ ਕੋਲ ਕਣਕ ਦਾ ਇੱਕ ਦਾਣਾ ਵੀ ਨਹੀਂ, ਕਿਉਂਕਿ ਪਾਕਿਸਤਾਨ ਸਰਕਾਰ ਵੱਲੋਂ ਬਲੋਚ-ਸਤਾਨ ਨਾਲ ਚੱਲਦੇ ਭੇਤਭਾਵ ਕਾਰਨ ਇਸ ਸੂਬੇ ਵਿੱਚ ਅਨਾਜ ਦਾ ਸਟਾਕ ਨਹੀਂ ਕੀਤਾ ਜਾਂਦਾ। ਸੂਤਰਾਂ ਅਨੁਸਾਰ ਪਾਕਿਸਤਾਨ ਸਰਕਾਰ ਵਿਦੇਸ਼ਾਂ ਤੋਂ ਕਣਕ ਖਰੀਦਣ ਦੀ ਯੋਜਨਾ ਬਣਾ ਰਹੀ ਹੈ, ਕਿਉਂਕਿ ਬੀਤੇ ਸਾਲ ਵੀ ਪਾਕਿਸਤਾਨ ਸਰਕਾਰ ਨੇ ਵਿਦੇਸ਼ਾਂ ਤੋਂ ਦੋ ਲੱਖ 16 ਹਜ਼ਾਰ ਮੀਟ੍ਰਿਕ ਟਨ ਅਨਾਜ ਖਰੀਦ ਕੀਤਾ ਸੀ, ਪਰ ਆਰਥਿਕ ਤੰਗੀ ਕਾਰਨ ਇਸ ਸਾਲ ਪਾਕਿਸਤਾਨ ਸਰਕਾਰ ਵਿਦੇਸ਼ਾਂ ਤੋਂ ਕਣਕ ਖਰੀਦਣ ਦੀ ਸਥਿਤੀ ਵਿੱਚ ਨਹੀਂ ਹੈ।

# ਪਾਕਿ ਵਿੱਚ ਸ਼ਵਾਨਾ ਮੰਦਰ 'ਤੇ ਇਮਰਾਨ ਦੀ ਪਾਰਟੀ ਦੇ ਦੋ ਨੇਤਾਵਾਂ ਦਾ ਕਬਜ਼ਾ

ਐਬਟਾਬਾਦ, 28 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਦੇ ਦੋ ਨੇਤਾਵਾਂ ਵੱਲੋਂ ਐਬਟਾਬਾਦ ਦੇ ਮਨਸੇਹਰਾ ਦੇ ਘੰਡਿਆਨ ਵਿਚਲੇ ਸ਼ਵਾਨਾ ਮੰਦਰ ਉੱਤੇ ਕਬਜ਼ਾ ਕਰਨ ਦੇ ਖਿਲਾਫ ਹਿੰਦੂ ਫਿਰਕੇ ਦੇ ਲੋਕਾਂ ਨੇ ਜ਼ਿਲ੍ਹਾ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਕਬਜ਼ਾ ਕਰਨ ਵਾਲਿਆਂ ਦੇ ਨਾਂਅ ਪਾਰਲੀਮੈਂਟ ਮੈਂਬਰ ਗੁਰੂ ਗੁਰਦੀਪ ਸਿੰਘ ਅਤੇ ਵਿਧਾਨ ਸਭਾ ਮੈਂਬਰ ਰਵੀ ਕੁਮਾਰ ਹਨ, ਜਿਨ੍ਹਾਂ ਦੇ ਖਿਲਾਫ ਕੇਸ ਦਰਜ ਕਰਨ ਲਈ ਪਟੀਸ਼ਨ ਦਾਇਰ ਕੀਤੀ ਗਈ ਹੈ ਅਤੇ ਸੁਣਵਾਈ ਦੀ ਉਡੀਕ ਹੈ।

ਵਕੀਲ ਜ਼ਫਰ ਇਕਬਾਲ ਦੇ ਰਾਹੀਂ ਸੀ ਪੀ ਸੀ ਦੀ ਧਾਰਾ 22-ਏ ਹੇਠ



ਕੇਸ ਦਾਇਰ ਕੀਤਾ ਗਿਆ। ਹਜ਼ਾਰਾ ਮੰਡਲ ਵਿੱਚ ਸ਼ਵਾਨਾ ਮੰਦਰ ਜਾਂ ਸ਼ਿਵਾ ਮੰਦਰ ਹਿੰਦੂਆਂ ਦਾ ਇੱਕੋ-ਇੱਕ ਪੂਜਾ ਸਥਾਨ ਹੈ। ਪਾਕਿਸਤਾਨੀ ਨਾਗਰਿਕ ਅਤੇ ਪਟੀਸ਼ਨਰ ਸ਼ਾਮ ਲਾਲ ਅਤੇ ਸਾਜਿਨ ਲਾਲ ਸਨਾਤਨ ਧਰਮ ਨੂੰ ਮੰਨਦੇ ਹਨ। ਸ਼ਾਮ ਲਾਲ ਨੇ ਸ਼ਿਵ ਮੰਦਰ ਦੇ ਮੁਖੀ ਵਜੋਂ ਪਟੀਸ਼ਨ ਦਾਇਰ ਕੀਤੀ ਹੈ, ਉਹ ਇਸ ਮੰਦਰ ਦੀ ਦੇਖ ਰੇਖ ਦੇ ਜ਼ਿੰਮੇਵਾਰ ਹਨ। ਉਨ੍ਹਾਂ ਨੇ ਦਾਅਵਾ ਕੀਤਾ ਕਿ ਜਦ ਉਹ ਬੀਤੀ 19 ਮਾਰਚ 2021 ਨੂੰ ਆਪਣੇ ਪਰਿਵਾਰ ਨਾਲ ਮੰਦਰ ਵਿੱਚ ਗਏ ਤਾਂ ਇਸਲਾਮਾਬਾਦ ਤੋਂ ਪਾਰਲੀਮੈਂਟ ਦੇ ਮੈਂਬਰ ਸਰਦਾਰ ਗੁਰਦੀਪ ਸਿੰਘ ਅਤੇ ਖੈਬਰ ਪਖਤੂਨਖਵਾ ਦੇ ਵਿਧਾਇਕ ਰਵੀ ਕੁਮਾਰ ਨੇ ਮੰਦਰ ਵਿੱਚ ਵੜਨ ਨਹੀਂ ਦਿੱਤਾ। ਪੀ ਟੀ ਆਈ ਦੇ ਇਹ ਦੋਵੇਂ ਨੇਤਾ ਮੰਦਰ ਵਿੱਚ ਪੁਲਸ ਕਾਂਸਟੇਬਲਾਂ ਨਾਲ ਪਹਿਲਾਂ ਤੋਂ ਮੌਜੂਦ ਸਨ। ਉਨ੍ਹਾਂ ਨੇ ਉਥੋਂ ਸ਼ਿਵਾ ਮੰਦਰ ਸੁਸਾਈਟੀ ਦਾ ਬੋਰਡ ਵੀ ਹਟਾ ਦਿੱਤਾ ਅਤੇ ਆਪਣੇ ਨਾਲ ਲੈ ਗਏ। ਸ਼ਾਮ ਲਾਲ ਨੇ ਇਹ ਵੀ ਕਿਹਾ ਕਿ ਐਸ ਐਚ ਓ ਬੱਫਾ ਨਾਲ ਸੰਪਰਕ ਕਰਨ ਉੱਤੇ ਉਨ੍ਹਾਂ ਨੇ ਪੂਰੀ ਅਣਦੇਖੀ ਕਰ ਕੇ ਅਗਲੇ ਦਿਨ ਆਉਣ ਨੂੰ ਕਿਹਾ। ਅਗਲੇ ਦਿਨ ਸ਼ਿਕਾਇਤ ਦਰਜ ਕਰਨ ਦੀਥਾਂ ਉਨ੍ਹਾਂ ਨੇ ਸ਼ਾਮ ਲਾਲ ਨੂੰ ਵਾਪਸ ਉਸ ਮੰਦਰ ਵਿੱਚ ਨਾ ਜਾਣ ਲਈ ਕਿਹਾ।

# ਮਿਆਂਮਾਰ ਵਿੱਚ ਗੁਰੀਲਿਆਂ ਵੱਲੋਂ ਫੌਜ ਦੇ ਅੱਡੇ ਉਤੇ ਕਬਜ਼ਾ

ਬੈਂਕਾਕ, 28 ਅਪ੍ਰੈਲ (ਪੋਸਟ ਬਿਊਰੋ)- ਮਿਆਂਮਾਰ ਦੇ ਕਰੇਨ ਗੁਰੀਲਿਆਂ ਨੇ ਕਿਹਾ ਹੈ ਕਿ ਉਨ੍ਹਾਂ ਕੱਲ੍ਹ ਫੌਜ ਦੇ ਇੱਕ ਅੱਡੇ ਉੱਤੇ ਕਬਜ਼ਾ ਕਰ ਲਿਆ। ਮੰਨਿਆ ਜਾਂਦਾ ਹੈ ਕਿ ਇਸ ਖਬਰ ਨਾਲ ਉਨ੍ਹਾਂ ਲੋਕਾਂ ਦਾ ਹੌਸਲਾ ਵਧੇਗਾ, ਜੋ ਫਰਵਰੀ ਵਿੱਚ ਫੌਜ ਵੱਲੋਂ ਦੇਸ਼ ਦੀ ਸਿਵਲ ਸਰਕਾਰ ਦਾ ਤਖਤਾ ਪਲਟਾਉਣ ਦਾ ਵਿਰੋਧ ਕਰ ਰਹੇ ਸਨ। ਓਧਰ ਸਰਕਾਰ ਦੇ ਇੱਕ ਬੁਲਾਰੇ ਸੀਨੀਅਰ ਥਾਈ ਅਧਿਕਾਰੀ ਤੇ ਰਾਹਤ ਕਰਮਚਾਰੀ ਨੇ ਕਿਹਾ ਕਿ ਮਿਆਂਮਾਰ ਦੀ ਫੌਜ ਨੇ ਕਰੇਨ ਫੌਜਾਂ ਦੇ ਕੰਟਰੋਲ ਵਾਲੇ ਖੇਤਰ ਦੇ ਪਿੰਡਾਂ ਵਿੱਚ ਕਈ ਘੰਟੇ ਬਾਅਦ ਹਵਾਈ ਹਮਲੇ ਕੀਤੇ। ਮਿਆਂਮਾਰ ਦੀ ਕੇਂਦਰ ਸਰਕਾਰ ਤੋਂ ਵਧੇਰੇ ਸੁਤੰਤਰਤਾ ਦੀ ਮੰਗ ਕਰਨ ਵਾਲੇ ਘੱਟ ਗਿਣਤੀ ਦੇ ਮੁੱਖ ਰਾਜਸੀ ਗਰੁੱਪ ਕਰੇਨ ਨੈਸ਼ਨਲ ਯੂਨੀਅਨ (ਕੇ



ਐਨ ਯੂ) ਦੇ ਇੱਕ ਬੁਲਾਰੇ ਨੇ ਕਿਹਾ ਕਿ ਗਰੁੱਪ ਦੀ ਹਥਿਆਰਬੰਦ ਇਕਾਈ ਨੇ ਸਵੇਰੇ ਪੰਜ ਵਜੇ ਫੌਜ ਦੇ ਅੱਡੇ ਉੱਤੇ ਹਮਲਾ ਕੀਤਾ, ਮਗਰੋਂ ਅੱਡੇ ਨੂੰ ਅੱਗ ਲਾ ਦਿੱਤੀ। ਕੇ ਐਨ ਯੂ ਦੇ ਵਿਦੇਸ਼ੀ ਮਾਮਲਿਆਂ ਦੇ ਮੁਖੀ ਪਦੋਹ ਸਾਅ ਤਾਵ ਨੀ ਨੇ ਕਿਹਾ ਕਿ ਇਸ ਘਟਨਾ ਦੇ ਜਾਨੀ ਨੁਕਸਾਨ ਦੀ ਕੋਈ ਜਾਣਕਾਰੀ ਨਹੀਂ। ਮਿਆਂਮਾਰ ਦੀ ਸਰਕਾਰ ਨੇ ਇਸ ਬਾਰੇ ਅਜੇ ਤੱਕ ਕੋਈ ਟਿੱਪਣੀ ਨਹੀਂ ਕੀਤੀ। ਕੇ ਐਨ ਯੂ ਦਾ ਥਾਈਲੈਂਡ ਨਾਲ ਲੱਗਦੀ ਸਰਹੱਦ ਨੇੜੇ ਪੂਰਬੀ ਮਿਆਂਮਾਰ ਦੇ ਇੱਕ ਹਿੱਸੇ ਉੱਤੇ ਕਬਜ਼ਾ ਹੈ। ਇਹ ਗਰੁੱਪ ਸੂ ਕੀ ਦੀ ਅਗਵਾਈ ਵਾਲੀ ਸਰਕਾਰ ਨੂੰ ਡੇਗਣ ਵਾਲੀ ਫੌਜ ਦੇ ਖਿਲਾਫ ਚੱਲਦੇ ਅੰਦੋਲਨ ਦਾ ਕਰੀਬੀ ਹੈ। ਥਾਈਲੈਂਡ ਵੱਲੋਂ ਸਰਹੱਦੀ ਖੇਤਰ ਦੀਆਂ ਤਸਵੀਰਾਂ ਵਿੱਚ ਅੱਗ ਦੀਆਂ ਲਪਟਾਂ ਉਠ ਰਹੀਆਂ ਹਨ। ਇਸ ਤੋਂ ਇਲਾਵਾ ਉਧਰੋਂ ਗੋਲੀਬਾਰੀ ਦੀਆਂ ਵੀ ਆਵਾਜ਼ਾਂ ਆ ਰਹੀਆਂ ਹਨ।

## ਨੈਨੀ ਦੀ ਲੋੜ

Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884

## ਕਾਮਿਆਂ ਦੀ ਲੋੜ

ਇਕ construction ਕੰਪਨੀ ਨੂੰ ਕੁਝ ਕਾਮਿਆਂ ਦੀ ਤੁਰੰਤ ਲੋੜ ਹੈ। ਤੁਹਾਡੇ ਕੋਲ ਤਜ਼ਰਬਾ ਹੈ ਚਾਹੇ ਨਹੀਂ ਤਾਂ ਵੀ ਤੁਸੀਂ ਜੁਆਇੰਨ ਕਰ ਸਕਦੇ ਹੋ। ਵਧੀਆ ਤਨਖਾਹ, ਵਧੀਆ ਘੰਟੇ ਦਿੱਤੇ ਜਾਣਗੇ
6472055909, 9057897783

WANTED
Panjabi Nannies, Caregivers, Cleaning ladies and Cooks for GTA. Please contact at the earliest at:
416-275-7010

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

**ਜੌਬਸ**: ਫਾਰਮ ਵਿਚ ਕੰਮ ਕਰਨ ਲਈ ਬਰੈਂਪਟਨ ਅਤੇ ਮਿਸੀਸਾਗਾ ਦੇ ਏਰੀਆ ਤੋਂ ਮਰਦਾਂ ਅਤੇ ਔਰਤਾਂ ਦੀ ਜਰੂਰਤ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ।
ਸੁਖਦੀਪ ਗਿੱਲ : 647-949-2904

# ਪੰਜਾਬੀ ਪੋਸਟ CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: • Complete Basement • Tiles • Bathrooms • Plumbing • Laminate • Hardwood Floor • Painting
A-1 RENOVATION GTA INC.
22 Listcreek Road, Brampton L6p 2n6

You can Place Your Business Here (905)793-2202

WWW.KULWINDERCHHINA.COM
KULWINDER CHHINA BROKER
647.293.2327

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 416-822-2590
Ants, Wasp, Centepede, Fleas, Bed Bugs

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਵੈੱਲ ਸੈਟਲਡ ਪੰਜਾਬੀ ਅਰੋੜਾ ਪਰਿਵਾਰ ਦਾ ਪੀ.ਆਰ. ਲੜਕਾ, ਉਮਰ 34 ਸਾਲ, ਕੱਦ 6 ਫੁੱਟ, ਐਮ ਕੌਮ, ਐੱਲ.ਐੱਲ.ਬੀ., ਜੋ ਕਿ ਕਦੇ ਸਿਗਰਟ ਨਹੀਂ ਪੀਂਦਾ, ਸ਼ਾਕਾਹਾਰੀ, ਜਿਸਦਾ ਕਿ ਵਿਆਹ ਦੇ ਥੋੜੇ ਸਮੇਂ ਬਾਅਦ ਹੀ ਕਾਨੂੰਨੀ ਤੌਰ ਉਤੇ ਤਲਾਕ ਹੋ ਚੁੱਕਾ ਹੈ। ਨੋ ਰਿਲੇਸ਼ਨਸ਼ਿਪ, ਲੜਕਾ ਲੀਡਿੰਗ ਕੈਨੇਡੀਅਨ ਬੈਂਕ ਵਿਚ ਅਫਸਰ ਦੇ ਤੌਰ ਉਤੇ ਕੰਮ ਕਰ ਰਿਹਾ ਹੈ, ਲਈ ਪੜ੍ਹੀ ਲਿਖੀ ਕੈਨੇਡਾ/ਅਮਰੀਕਾ ਵਿਚ ਰਹਿੰਦੇ ਪਰਿਵਾਰ ਦੀ ਜੰਮਪਲ ਪਰਿਵਾਰਕ ਲੜਕੀ ਜਾਂ ਨਿਊ ਇਮੀਗ੍ਰਾਂਟ, ਪੀ.ਆਰ., ਸਟੂਡੈਂਟ, ਵਰਕ ਪਰਮਿਟ ਉਤੇ ਕੰਮ ਕਰ ਰਹੀ ਲੜਕੀ ਦੀ ਲੋੜ ਹੈ। ਬਹੁਤ ਘੱਟ ਸਮੇਂ ਲਈ ਵਿਆਹੀ ਜਾਂ ਕੁਆਰੀ ਲੜਕੀ ਨੂੰ ਪਹਿਲ। ਬਾਇਓਡਾਟਾ, ਫੋਟੋ ਜਾਂ ਵਟਸਐਪ ਕਾਲ ਕਰਨ ਲਈ ਸੰਪਰਕ: +1 9734209701 ਜਾਂ ਈਮੇਲ- ssjuneja@gmail.com

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ

## ਲੜਕੇ ਦੀ ਲੋੜ

Looking for suitable gursikh match for Ramdasia girl, height 5.6' fair. Completed master degree in IT from British Columbia. Currently working as a Cyber security analyst in Vancouver, BC. Permanent residency is expected soon. Sister,brother and nanka family is settled in canada. Mother is central govt employee in chandigarh. No Caste bar. Preference from within canada and America.PR or Citizen preferred. Call after 5pm and weekends at 416 721 5191.

Seeking a Boy for Beautiful, well educated, Mumbai Born and Raised 5' 2", 27 years old Sikh Ramgarhia girl. Completed Masters in Commerce and Currently a Lecturer at a Prominent College in Mumbai. Looking for a well-educated Boy, cast no Bar, from Canada or US. Contact 416 524 7330

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

